Adda247

GET IT ON Google Play



## PART-A

1. ਹੇਠ ਲਿਖਿਆਂ ਵਿੱਚੋਂ ਕਿਸ ਵਿਕਲਪ ਵਿੱਚ ਨਾਂਵਾਂ ਦਾ ਕ੍ਰਮ ਵਿਅਕਤੀਵਾਚਕ, ਜਾਤੀਵਾਚਕ ਅਤੇ ਭਾਵਵਾਚਕ ਹੈ ?

a) ਟੋਲੀ, ਸੋਨਾ, ਗਰੀਬੀ b) ਸ਼ਹਿਰ, ਪੰਜਾਬ, ਖੁਸ਼ੀ c) ਦਇਆ, ਅੰਮ੍ਰਿਤਸਰ, ਦਰਿਆ d) ਲੁਧਿਆਣਾ, ਸ਼ਹਿਰ, ਸੁੰਦਰਤਾ

2. ਹੇਠ ਲਿਖਿਆਂ ਵਿਚੋਂ ਕਿਹੜੇ ਸ਼ਬਦ ਵਿੱਚ "ਅ" ਅਗੇਤਰ ਦੀ ਵਰਤੋਂ ਨਹੀਂ ਹੋਈ ?

a) ਅਗਿਆਨ b) ਅਸੰਭਵ c) ਅਚਾਨਕ d) ਅਨਿਆਂ

3. ਕਿਹੜਾ ਸ਼ਬਦ "ਕਰਤਾ ਵਾਚਕ ਪਿਛੇਤਰ" ਨਾਲ ਨਹੀਂ ਬਣਿਆ ?

a) ਲਿਖਾਰੀ b) ਪੜ੍ਹਾਕੂ c) ਦਾਨੀ d) ਬਹਾਦਰੀ

4. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਵਿੱਚ ਅਗੇਤਰ, ਮੂਲ ਸ਼ਬਦ ਅਤੇ ਪਿਛੇਤਰ; ਤਿੰਨੇ ਸਪਸ਼ਟ ਤੌਰ 'ਤੇ ਪਛਾਣੇ ਜਾ ਸਕਦੇ ਹਨ ?

a) ਨਿਰਾਸ਼ਾਜਨਕ b) ਬੇਸ਼ੱਕ c) ਪ੍ਰਬੰਧ d) ਸੁਹਾਵਣਾ

5. ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਵਿਸਰਾਮ-ਚਿੰਨ੍ਹਾਂ ਪੱਖੋਂ ਸਹੀ ਹੈ ?

a) "ਮੈਂ ਨਹੀਂ ਜਾਵਾਂਗਾ।" ਉਸ ਨੇ ਗੁੱਸੇ ਵਿੱਚ ਕਿਹਾ।
b) "ਮੈਂ ਨਹੀਂ ਜਾਵਾਂਗਾ।" "ਉਸ ਨੇ ਗੁੱਸੇ ਵਿੱਚ ਕਿਹਾ"।
c) "ਮੈਂ, ਨਹੀਂ ਜਾਵਾਂਗਾ।" ਉਸ ਨੇ - ਗੁੱਸੇ ਵਿੱਚ ਕਿਹਾ।
d) "ਮੈਂ ਨਹੀਂ ਜਾਵਾਂਗਾ, ਉਸ ਨੇ ਗੁੱਸੇ ਵਿੱਚ ਕਿਹਾ।"

6. ਵਿਸਰਾਮ-ਚਿੰਨ੍ਹਾਂ ਪੱਖੋਂ ਸਹੀ ਵਾਕ ਦੀ ਪਛਾਣ ਕਰੋ :

a) "ਬੇਟਾ," ਪਿਤਾ ਨੇ ਨਰਮੀ ਨਾਲ ਕਿਹਾ, "ਸੱਚ ਬੋਲਣਾ ਹੀ ਸਭ ਤੋਂ ਵੱਡਾ ਗੁਣ ਹੈ।"
b) "ਬੇਟਾ" ਪਿਤਾ ਨੇ ਨਰਮੀ ਨਾਲ ਕਿਹਾ, "ਸੱਚ ਬੋਲਣਾ ਹੀ ਸਭ ਤੋਂ ਵੱਡਾ ਗੁਣ ਹੈ।"
c) "ਬੇਟਾ," ਪਿਤਾ ਨੇ ਨਰਮੀ ਨਾਲ ਕਿਹਾ "ਸੱਚ ਬੋਲਣਾ ਹੀ ਸਭ ਤੋਂ ਵੱਡਾ ਗੁਣ ਹੈ।"
d) "ਬੇਟਾ, ਪਿਤਾ ਨੇ ਨਰਮੀ ਨਾਲ ਕਿਹਾ, ਸੱਚ ਬੋਲਣਾ ਹੀ ਸਭ ਤੋਂ ਵੱਡਾ ਗੁਣ ਹੈ।"

7. ਹੇਠ ਲਿਖੇ ਪੈਰੇ ਵਿੱਚ ਕੁਲ ਕਿੰਨੇ ਮੁਹਾਵਰੇ ਹਨ ਅਤੇ ਇਨ੍ਹਾਂ ਵਿਚੋਂ ਕਿੰਨੇ ਗ਼ਲਤ ਸੰਦਰਭ ਵਿੱਚ ਵਰਤੇ ਗਏ ਹਨ ?
"ਜਦੋਂ ਉਸਨੇ ਸੱਚਾਈ ਦੱਸੀ ਤਾਂ ਸਭ ਦੇ ਦੰਦ ਖੱਟੇ ਹੋ ਗਏ। ਇਸ ਗੱਲ ਨੇ ਉਸਦੀ ਭੈਣ ਦੇ ਕੰਨ ਭਰ ਦਿੱਤੇ ਅਤੇ ਉਹ ਵੀ ਹੈਰਾਨ ਰਹਿ ਗਈ। ਅਖ਼ੀਰ ਵਿੱਚ ਸੱਚ ਸਾਹਮਣੇ ਆਉਣ 'ਤੇ ਦੋਸ਼ੀ ਨੂੰ ਸਭ ਅੱਗੇ ਹੱਥ ਬੰਨ੍ਹਣੇ ਪਏ।"

a) ਦੋ, ਦੋ b) ਤਿੰਨ, ਤਿੰਨ c) ਤਿੰਨ, ਦੋ d) ਤਿੰਨ, ਇੱਕ

8. ਹੇਠ ਲਿਖੀ ਸਥਿਤੀ ਲਈ ਸਭ ਤੋਂ ਢੁਕਵਾਂ ਮੁਹਾਵਰਾ ਚੁਣੋ :
"ਦੋ ਭਰਾਵਾਂ ਵਿਚਕਾਰ ਜਾਇਦਾਦ ਨੂੰ ਲੈ ਕੇ ਝਗੜਾ ਇੰਨਾ ਵਧ ਗਿਆ ਕਿ ਉਹ ਇੱਕ-ਦੂਜੇ ਦਾ ਮੂੰਹ ਵੇਖਣਾ ਵੀ ਪਸੰਦ ਨਹੀਂ ਕਰਦੇ।"

a) ਸ਼ੀਸ਼ੇ ਵਿੱਚ ਦੇਖਣਾ b) ਮੂੰਹ ਫੇਰ ਲੈਣਾ c) ਮੂੰਹ ਦੀ ਖਾਣੀ d) ਮੂੰਹ ਵਿੱਚ ਪਾਣੀ ਆਉਣਾ

9. ਦਾਅਵਾ (A): "ਅੱਖਾਂ ਵਿੱਚ ਰੜਕਣਾ" ਅਤੇ "ਅੱਖਾਂ ਦਾ ਕੰਡਾ ਹੋਣਾ", ਦੋਵੇਂ ਮੁਹਾਵਰੇ ਲਗਭਗ ਸਮਾਨਾਰਥਕ ਹਨ ਅਤੇ ਬਹੁਤੀਆਂ ਥਾਂਵਾਂ 'ਤੇ ਇੱਕ-ਦੂਜੇ ਦੀ ਥਾਂ ਬਿਨਾਂ ਕਿਸੇ ਫ਼ਰਕ ਦੇ ਵਰਤੇ ਜਾ ਸਕਦੇ ਹਨ।
ਕਾਰਨ (R): ਦੋਹਾਂ ਵਿੱਚ ਕਿਸੇ ਵਿਅਕਤੀ/ਚੀਜ਼ ਦਾ ਕਿਸੇ ਹੋਰ ਨੂੰ ਨਾਪਸੰਦ ਹੋਣਾ ਦਰਸਾਇਆ ਗਿਆ ਹੈ।

a) A ਅਤੇ R ਦੋਵੇਂ ਸਹੀ, R, A ਦੀ ਲਗਭਗ ਸਹੀ ਵਿਆਖਿਆ ਹੈ
b) A ਅਤੇ R ਦੋਵੇਂ ਸਹੀ, ਪਰ R, A ਦੀ ਸਹੀ ਵਿਆਖਿਆ ਨਹੀਂ ਦਿੰਦਾ
c) A ਸਹੀ, R ਗ਼ਲਤ ਹੈ
d) ਦੋਵੇਂ ਗ਼ਲਤ ਹਨ

10. ਖਾਲੀ ਥਾਂ ਭਰ ਕੇ ਅਖਾਣ ਨੂੰ ਪੂਰਾ ਕਰੋ:
"________ ਅੱਗੇ ________ ਵਜਾਉਣਾ।"

a) ਘੋੜੇ, ਢੋਲ b) ਸੱਪ, ਬੀਨ c) ਮੱਝ, ਬੀਨ d) ਗਾਂ, ਢਿੱਡ

11. ਖਾਲੀ ਥਾਂ ਭਰ ਕੇ ਅਖਾਣ ਨੂੰ ਪੂਰਾ ਕਰੋ :
"ਕਣਕ ________ ਕੁੜੀ ________ ਆ ਜਵਾਈਆ ________ ਖਾ।"

a) ਰਾਹ, ਕਪਾਹ, ਕੜਾਹ b) ਚੱਕੀ, ਇਕੱਤੀ, ਪੂੜੇ c) ਮੰਡੀ, ਕੁਸੰਗੀ, ਚੂਰੀ d) ਖੇਤ, ਪੇਟ, ਮੰਡੇ

12. ਖਾਲੀ ਥਾਂ ਭਰ ਕੇ ਅਖਾਣ ਨੂੰ ਪੂਰਾ ਕਰੋ :
"____ ਕੀ ਮਿਹਣਾ ਦੇਵੇ ____ ਨੂੰ।"

a) ਚਿੜੀ, ਕਾਂ b) ਛੱਜ, ਛਾਣਨੀ c) ਕੇਸਰੋ, ਕਾਜ਼ੀ d) ਵਿਹੜਾ, ਬਾਰ

13. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :
ਕਿਹੜਾ ਵਿਕਲਪ ਸਹੀ ਹੈ?
ਕਥਨ I: "ਜੁਗਨੀ" ਗਲੇ ਵਿੱਚ ਪਹਿਨਿਆ ਜਾਣ ਵਾਲਾ ਇੱਕ ਲੋਕ ਗਹਿਣਾ ਹੈ ਜੋ ਹਾਰ ਦੇ ਵਿਚਕਾਰ ਲਟਕਣ ਵਜੋਂ ਪਹਿਨਿਆ ਜਾਂਦਾ ਹੈ ਅਤੇ ਜਿਸ ਉੱਤੇ ਨਕਾਸ਼ੀ ਵੀ ਕੀਤੀ ਗਈ ਹੁੰਦੀ ਹੈ।
ਕਥਨ II: ਕੁਆਰੀਆਂ ਕੁੜੀਆਂ ਆਮ ਤੌਰ 'ਤੇ ਨੱਥ ਦੀ ਬਜਾਏ ਨੁਕਰਾ ਜਾਂ ਕੋਕਾ ਪਹਿਨਦੀਆਂ ਸਨ, ਜਦਕਿ ਨੱਥ ਵਿਆਹ ਸਮੇਂ ਪਹਿਨੀ ਜਾਂਦੀ ਸੀ।

Test Prime
By Adda247

# ALL EXAMS, ONE SUBSCRIPTION

*Test. Analyze. Improve. Repeat.*

**Don't just prepare. Perform.**

Test Prime – built only for mock tests.

Adda247 Test Prime
Adda Education • Education
Installed
Rating
Editors' choice
New
Mocks for Every Exam
Test. Analyze. Improve. Repeat.
All India Rankings

| 1,50,000+ | 25,000+ | 800+ | 500% |
|---|---|---|---|
| Mock Tests | Previous Year Papers | Exam Covered | Refund on Selection |

- **5 lakh+** Free Quizzes
- **Daily** Free PDFs
- **Top Alerts** Stay Updated

## WHY TEST PRIME?

- Multilingual
- Detailed Solution
- Strong and Weak Areas
- All India Rankings

- Safe & Reliable
- Trusted by Lakhs of Aspirants
- Your Success, Our Mission

## DOWNLOAD TEST PRIME

*Your Success Partner!*

GET IT ON Google Play
Download on the App Store


Test Prime
SUCCESS GALLERY!
MEET THE ACHIEVERS
Kunal, RRB JE
Shivam, UPSSSC AGTA
Priya, ANM
KHALILUR, LDA
Manoj , PWD
Atin, JENPAS
Shatarupa, OPSC
Arpita, JENPAS
Shital, SSC JE (Mech)
Nancy, UGC NET
Atul, SSC JE (ELCT)
Rahul, SSC JE (CIVIL)
Anand, SSC JE (ELCT)
Mohan, SSC JE (ELCT)
Saurabh, UGC NET
Ved, SSC JE (Mech)
THEY DID IT. YOU CAN TOO
READ THEIR STORIES !

Adda247

GET IT ON Google Play

ਵਿਕਲਪ :

a) ਕੇਵਲ I ਸਹੀ ਹੈ
b) ਕੇਵਲ II ਸਹੀ ਹੈ
c) ਦੋਵੇਂ ਸਹੀ ਹਨ
d) ਦੋਵੇਂ ਗ਼ਲਤ ਹਨ

14. ਹੇਠਾਂ ਦਿੱਤੇ ਕਥਨਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸੰਦਰਭ ਵਿੱਚ ਸਹੀ ਕਥਨਾਂ ਦੀ ਪਛਾਣ ਕਰੋ :

(i) ਜਪੁਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਪਹਿਲਾਂ ਦਰਜ ਬਾਣੀ ਹੈ ਅਤੇ ਇਸ ਵਿੱਚ 38 ਪਉੜੀਆਂ ਅਤੇ 2 ਸਲੋਕ ਹਨ।
(ii) ਆਸਾ ਦੀ ਵਾਰ ਵਿੱਚ 84 ਪਉੜੀਆਂ ਹਨ ਜੋ ਗੁਰੂ ਨਾਨਕ ਦੇਵ ਜੀ ਦੁਆਰਾ ਰਚੀਆਂ ਗਈਆਂ ਹਨ ।
(iii) ਬਾਰਹਮਾਹ ਤੁਖਾਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ।
(iv) ੧ਓ ਦ੍ਵੈਤਵਾਦੀ ਬ੍ਰਹਮ ਦੀ ਹੋਂਦ ਵਲ ਸੰਕੇਤ ਕਰਦਾ ਹੈ ।

ਵਿਕਲਪ :

a) ਕੇਵਲ (i) ਅਤੇ (ii) ਸਹੀ ਹਨ
b) ਕੇਵਲ (i) ਅਤੇ (iii) ਸਹੀ ਹਨ
c) ਕੇਵਲ (ii) ਅਤੇ (iii) ਸਹੀ ਹਨ
d) ਚਾਰੇ ਕਥਨ ਸਹੀ ਹਨ

15. ਸੂਚੀ--1 ਨੂੰ ਸੂਚੀ--2 ਨਾਲ ਮਿਲਾਉਂਦਿਆਂ ਹੋਇਆਂ ਸਹੀ ਵਿਕਲਪ ਦੀ ਚੋਣ ਕਰੋ :

| ਸੂਚੀ-1 (ਉਦਾਸੀ) | ਸੂਚੀ-2 (ਦਿਸ਼ਾ) |
|---|---|
| (i) ਪਹਿਲੀ ਉਦਾਸੀ | (A) ਪੂਰਬ ਵਲ - ਜਗਨਨਾਥ ਪੁਰੀ ਵਲ |
| (ii) ਦੂਜੀ ਉਦਾਸੀ | (B) ਉੱਤਰ ਵਲ - ਹਿਮਾਲਿਆਂ/ਤਿੱਬਤ ਵਲ |
| (iii) ਤੀਸਰੀ ਉਦਾਸੀ | (C) ਦੱਖਣ ਵਲ - ਸ੍ਰੀ ਲੰਕਾ ਵਲ |
| (iv) ਚੌਥੀ ਉਦਾਸੀ | (D) ਪੱਛਮ ਵਲ - ਮੱਕਾ ਮਦੀਨਾ ਵਲ |

ਵਿਕਲਪ :

a) (i)A, (ii)C, (iii)B, (iv)D
b) (i)B, (ii)A, (iii)C, (iv)D
c) (i)C, (ii)A, (iii)B, (iv)D
d) (i)A, (ii)B, (iii)C, (iv)D

16. ਗੁਰੂ ਰਾਮਦਾਸ ਜੀ ਦੀ ਪ੍ਰਸਿੱਧ ਰਚਨਾ ________ ਵਿੱਚ ਸਿੱਖ ਵਿਆਹ ਦੀ ਰਸਮ ਪ੍ਰਗਟਾਈ ਗਈ ਹੈ; ਇਸ ਵਿੱਚ ________ ਲਾਵਾਂ ਹਨ ਅਤੇ ਇਹ ________ ਰਾਗ ਵਿੱਚ ਹੈ ।

a) ਲਾਵਾਂ, ਚਾਰ, ਸੂਹੀ
b) ਲਾਵਾਂ, ਤਿੰਨ, ਆਸਾ
c) ਅਨੰਦੁ, ਚਾਰ, ਰਾਮਕਲੀ
d) ਲਾਵਾਂ, ਚਾਰ, ਰਾਮਕਲੀ

17. ਸੂਚੀ--1 ਨੂੰ ਸੂਚੀ--2 ਨਾਲ ਮਿਲਾਉਂਦਿਆਂ ਹੋਇਆਂ ਸਹੀ ਵਿਕਲਪ ਦੀ ਚੋਣ ਕਰੋ :

| ਸੂਚੀ-1 | ਸੂਚੀ-2 |
|---|---|
| (i) ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ | (A) 1604 ਈ. ਵਿੱਚ ਸੰਪੂਰਨ |
| (ii) ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ | (B) 1606 ਈ. |
| (iii) ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ | (C) ਸਿੱਖ ਇਤਿਹਾਸ ਵਿੱਚ ਪਹਿਲੀ ਸ਼ਹੀਦੀ |
| (iv) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮਹੱਤਵ | (D) ਅੰਮ੍ਰਿਤਸਰ |

a) (i)A, (ii)D, (iii)B, (iv)C
b) (i)B, (ii)A, (iii)B, (iv)C
c) (i)A, (ii)C, (iii)B, (iv)D
d) (i)D, (ii)A, (iii)B, (iv)C

18. ਗੁਰੂ ਅਰਜਨ ਦੇਵ ਜੀ ਨੇ ਬਾਰਹਮਾਹ ________ ਦੀ ਰਚਨਾ ਕੀਤੀ ।

a) ਤੁਖਾਰੀ
b) ਮਾਝ
c) ਰਾਮਕਲੀ
d) ਮਲਾਰ

19. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਕਾਵਿ-ਰੂਪ/ਕਾਵਿ-ਰੂਪਾਂ ਬਾਰੇ ਕਿਹੜਾ ਕਥਨ ਸਹੀ ਹੈ ?

a) ਉਹਨਾਂ ਦੀ ਬਾਣੀ ਸਿਰਫ਼ ਸਲੋਕ ਕਾਵਿ-ਰੂਪ ਵਿੱਚ ਪ੍ਰਾਪਤ ਹੈ ।
b) ਉਹਨਾਂ ਦੀ ਬਾਣੀ ਸਿਰਫ਼ ਸ਼ਬਦਾਂ ਦੇ ਰੂਪ ਵਿੱਚ ਮਿਲਦੀ ਹੈ।
c) ਉਹਨਾਂ ਦੀ ਬਾਣੀ ਸ਼ਬਦ ਅਤੇ ਸਲੋਕ ਕਾਵਿ-ਰੂਪਾਂ ਵਿੱਚ ਮਿਲਦੀ ਹੈ ।
d) ਉਹਨਾਂ ਦੀ ਬਾਣੀ ਅਸ਼ਟਪਦੀ, ਸ਼ਬਦ ਅਤੇ ਸਲੋਕ ਕਾਵਿ-ਰੂਪਾਂ ਵਿੱਚ ਪ੍ਰਾਪਤ ਹੈ ।

20. ਗੁਰੂ ਗੋਬਿੰਦ ਸਿੰਘ ਜੀ ਨੇ ________ ਈ. ਵਿੱਚ ਖਾਲਸਾ ਪੰਥ ਦੀ ਸਿਰਜਣਾ ਕੀਤੀ; ਇਹ ਸਮਾਗਮ ________ ਵਿਖੇ ਹੋਇਆ ਅਤੇ ਪਹਿਲੇ ਪੰਜ ਪਿਆਰੇ ਵਿੱਚੋਂ ਪਹਿਲਾ ਪਿਆਰਾ ________ ਸੀ ।

a) 1699, ਸ੍ਰੀ ਅੰਮ੍ਰਿਤਸਰ ਸਾਹਿਬ , ਭਾਈ ਦਇਆ ਸਿੰਘ ਜੀ
b) 1699, ਸ੍ਰੀ ਆਨੰਦਪੁਰ ਸਾਹਿਬ, ਭਾਈ ਦਇਆ ਸਿੰਘ ਜੀ
c) 1708, ਸ੍ਰੀ ਆਨੰਦਪੁਰ ਸਾਹਿਬ, ਭਾਈ ਹਿੰਮਤ ਸਿੰਘ ਜੀ
d) 1699, ਸ੍ਰੀ ਆਨੰਦਪੁਰ ਸਾਹਿਬ, ਭਾਈ ਸਾਹਿਬ ਸਿੰਘ ਜੀ

21. ਹੇਠਾਂ ਦਿੱਤੀ ਸੂਚੀ ਵਿੱਚ ਚਾਰ ਸ਼ਬਦ-ਸਮੂਹ ਦਿੱਤੇ ਗਏ ਹਨ। ਹਰੇਕ ਸਮੂਹ ਵਿੱਚ ਤਿੰਨ ਸ਼ਬਦ ਇੱਕ-ਦੂਜੇ ਦੇ ਸਮਾਨਾਰਥਕ ਹਨ ਅਤੇ ਇੱਕ ਸ਼ਬਦ ਉਸ ਸਮੂਹ ਵਿੱਚ ਮੇਲ ਨਹੀਂ ਖਾਂਦਾ। ਉਹ ਸਮੂਹ ਚੁਣੋ ਜਿਸ ਵਿੱਚ ਚਾਰੇ ਸ਼ਬਦ ਸਮਾਨਾਰਥਕ ਹਨ :

a) ਅੰਬਰ, ਆਕਾਸ਼, ਗਗਨ, ਅਟੇਕ
b) ਸੂਰਜ, ਰਵਿ, ਚੰਨ, ਦਿਨਕਰ
c) ਪਾਣੀ, ਜਲ, ਨੀਰ, ਧਰਾ
d) ਨੈਣ, ਅੱਖ, ਨੇਤਰ, ਲੋਚਨ

22. ਹੇਠਾਂ ਦਿੱਤੇ ਵਾਕ ਵਿੱਚ ਲਕੀਰੇ ਸ਼ਬਦ ਦਾ ਵਿਰੋਧਾਰਥਕ ਸ਼ਬਦ ਖਾਲੀ ਥਾਂ 'ਤੇ ਭਰ ਕੇ ਵਾਕ ਪੂਰਾ ਕਰੋ :

ਵਾਕ: ਉਹ ਹਮੇਸ਼ਾ <u>ਲਾਭ</u> ਦੀ ਸੋਚਦਾ ਹੈ ਪਰ ਕਦੇ ________ ਬਾਰੇ ਨਹੀਂ ਸੋਚਦਾ।

a) ਫ਼ਾਇਦਾ
b) ਹਾਨੀ
c) ਮੁਨਾਫ਼ਾ
d) ਕਮਾਈ

Adda247

GET IT ON Google Play

23. ਸਮਾਨਾਰਥਕ ਸ਼ਬਦਾਂ ਦੀ ਦ੍ਰਿਸ਼ਟੀ ਤੋਂ ਹੇਠਾਂ ਦਿੱਤੀ ਗਈ ਸੂਚੀ 1 ਦੇ ਸ਼ਬਦਾਂ ਨੂੰ ਸੂਚੀ 2 ਦੇ ਸ਼ਬਦਾਂ ਨਾਲ ਮਿਲਾਓ :

| ਸੂਚੀ 1 (ਸ਼ਬਦ) | ਸੂਚੀ 2 (ਸਮਾਨਾਰਥਕ ਸ਼ਬਦ) |
|---|---|
| (i) ਅਗਨੀ | (A) ਸੱਪ |
| (ii) ਪਵਨ | (B) ਅੱਗ |
| (iii) ਭੁਜੰਗ | (C) ਹਵਾ |
| (iv) ਮ੍ਰਿਗ | (D) ਹਿਰਨ |

ਵਿਕਲਪ:

a) (i)B, (ii)C, (iii)A, (iv)D
b) (i)A, (ii)B, (iii)C, (iv)D
c) (i)B, (ii)A, (iii)D, (iv)C
d) (i)C, (ii)B, (iii)A, (iv)D

24. ਸ਼ਬਦ 'ਬੇਅਦਬੀ' ਵਿੱਚ ਅਗੇਤਰ ________ ਹੈ, ਜੋ ________ ਭਾਸ਼ਾ ਤੋਂ ਆਇਆ ਹੈ ਅਤੇ ਇਸਦਾ ਅਰਥ ________ ਹੈ।

a) ਬੇ-, ਫ਼ਾਰਸੀ, ਬਿਨਾਂ/ਰਹਿਤ b) ਬੇ-, ਅਰਬੀ, ਨਾਲ c) ਬੇ-,ਪੰਜਾਬੀ, ਨਾਲ d) ਬੇ-,ਸੰਸਕ੍ਰਿਤ, ਬਿਨਾਂ/ਰਹਿਤ

25. ਹੇਠਾਂ ਦਿੱਤੇ ਸਮੁੱਚੇ ਵਾਕ ਦਾ ਲਿੰਗ ਬਦਲੋ ਅਤੇ ਸਹੀ ਵਿਕਲਪ ਚੁਣੋ :
ਵਾਕ : ਉਹ ਬੁੱਢਾ ਆਦਮੀ ਆਪਣੇ ਪੋਤੇ ਨਾਲ ਬਾਜ਼ਾਰ ਗਿਆ।

a) ਉਹ ਬੁੱਢੀ ਔਰਤ ਆਪਣੀ ਪੋਤੀ ਨਾਲ ਬਜ਼ਾਰ ਗਈ।
b) ਉਹ ਬੁੱਢੀ ਔਰਤ ਆਪਣੇ ਪੋਤੇ ਨਾਲ ਬਜ਼ਾਰ ਗਈ।
c) ਉਹ ਬੁੱਢੀ ਔਰਤ ਆਪਣੀ ਪੋਤੀ ਨਾਲ ਬਜ਼ਾਰ ਗਿਆ।
d) ਉਹ ਬੁੱਢਾ ਔਰਤ ਆਪਣੀ ਪੋਤੀ ਨਾਲ ਬਜ਼ਾਰ ਗਈ।

26. ਹੇਠ ਲਿਖਿਆਂ ਵਿੱਚੋਂ ਕਿਹੜਾ ਸਮੂਹ ਵਸਤੂਵਾਚਕ ਨਾਂਵਾਂ ਦਾ ਹੈ ?

a) ਰੁੱਖ, ਪਹਾੜ, ਘਰ b) ਦੁੱਧ, ਸੋਨਾ, ਤੇਲ c) ਫੌਜ, ਟੋਲੀ, ਜਥਾ d) ਇਮਾਨਦਾਰੀ, ਗਰੀਬੀ, ਖੁਸ਼ੀ

27. 'ਮਿਠਾਸ' ਸ਼ਬਦ ਕਿਸ ਪ੍ਰਕਾਰ ਦਾ ਨਾਂਵ ਹੈ?

a) ਖ਼ਾਸ ਨਾਂਵ b) ਵਸਤੂ-ਵਾਚਕ ਨਾਂਵ c) ਭਾਵ-ਵਾਚਕ ਨਾਂਵ d) ਇਕੱਠ-ਵਾਚਕ ਨਾਂਵ

28. ਵਾਕ 'ਵਾਹ! ਕਿੰਨਾ ਸੋਹਣਾ ਦ੍ਰਿਸ਼ ਹੈ' ਵਿੱਚ 'ਵਾਹ!' ਕਿਹੜਾ ਸ਼ਬਦ-ਭੇਦ ਹੈ?

a) ਯੋਜਕ b) ਵਿਸਮਿਕ c) ਸੰਬੰਧਕ d) ਵਿਸ਼ੇਸ਼ਣ

29. 'ਚਿੜੀ' ਦਾ ਬਹੁ-ਵਚਨ ਰੂਪ ਹੈ:

a) ਚਿੜੀਆ b) ਚਿੜੀਆਂ c) ਚਿੜੇ d) ਚਿੜੀਓ

30. ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਕਿਹੜਾ ਹੈ?

a) ਸੁੰਦਰ b) ਸੁੰਦਰਤਾ c) ਸੁੰਧਰ d) ਸ਼ੁੰਦਰ

31. ਅੰਗਰੇਜ਼ੀ ਸ਼ਬਦ 'Hospital' ਦਾ ਪ੍ਰਚਲਿਤ ਪੰਜਾਬੀ ਰੂਪ ਹੈ:

a) ਹਸਪਤਾਲ b) ਹੌਸਪਿਟਲ c) ਹਸਪਤਾਨ d) ਹਾਸਪਤਾਲ

32. ਅੰਗਰੇਜ਼ੀ ਸ਼ਬਦ 'Station' ਦਾ ਪ੍ਰਚਲਿਤ ਪੰਜਾਬੀ ਰੂਪ ਹੈ:

a) ਸਟੇਸ਼ਨ b) ਇਸਟੇਸ਼ਨ c) ਸਟੇਸ਼ਣ d) ਸਟੇਸ਼ਨਾ

33. ਅੰਗਰੇਜ਼ੀ ਸ਼ਬਦ 'Doctor' ਦਾ ਪ੍ਰਚਲਿਤ ਪੰਜਾਬੀ ਰੂਪ ਹੈ:

a) ਡਾਕਟਰ b) ਡੌਕਟਰ c) ਡਾਕਟਾਰ d) ਡਾਕ੍ਟਰ

34. ਹੇਠ ਲਿਖਿਆਂ ਵਿੱਚੋਂ ਕਿਹੜਾ ਦੇਸੀ ਮਹੀਨਿਆਂ ਦਾ ਸਹੀ ਕ੍ਰਮ ਹੈ?

a) ਚੇਤ, ਵਿਸਾਖ, ਜੇਠ, ਹਾੜ੍ਹ b) ਚੇਤ, ਜੇਠ, ਵਿਸਾਖ, ਹਾੜ੍ਹ c) ਵਿਸਾਖ, ਚੇਤ, ਜੇਠ, ਸਾਵਣ d) ਜੇਠ, ਹਾੜ੍ਹ, ਚੇਤ, ਵਿਸਾਖ

35. ਪੰਜਾਬੀ ਭਾਸ਼ਾ ਹੇਠ ਲਿਖਿਆਂ ਵਿਚੋਂ ਕਿਸ ਭਾਸ਼ਾ ਪਰਿਵਾਰ ਨਾਲ ਸੰਬੰਧ ਰੱਖਦੀ ਹੈ ?

a) ਦ੍ਰਾਵਿੜ b) ਭਾਰੋਪੀ c) ਚੀਨੀ-ਤਿੱਬਤੀ d) ਆਸਟ੍ਰੋ-ਏਸ਼ਿਆਈ

36. ਹੇਠ ਲਿਖਿਆਂ ਵਿੱਚੋਂ ਕਿਹੜਾ ਪੰਜਾਬ ਦਾ ਲੋਕ-ਸਾਜ਼ ਨਹੀਂ ਹੈ?

a) ਤੂੰਬੀ b) ਅਲਗੋਜ਼ਾ c) ਸਿਤਾਰ d) ਚਿਮਟਾ

37. ਪੰਜਾਬ ਵਿੱਚ ਸਾਉਣ ਮਹੀਨੇ ਇਸਤਰੀਆਂ ਦੁਆਰਾ ਮਨਾਇਆ ਜਾਣ ਵਾਲਾ, ਪੀਂਘਾਂ ਤੇ ਤੀਆਂ ਨਾਲ ਜੁੜਿਆ ਤਿਉਹਾਰ ਕਿਹੜਾ ਹੈ ?

a) ਲੋਹੜੀ b) ਤੀਆਂ c) ਮਾਘੀ d) ਵਿਸਾਖੀ

38. ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਕਿਹੜਾ ਹੈ ?

a) ਵਿੱਦਿਆ b) ਵਿਦਿਆ c) ਵਿਧਿਆ d) ਵਿਦੀਆ

39. ਪੰਜਾਬੀ ਸਭਿਆਚਾਰ ਵਿੱਚ 'ਤ੍ਰਿੰਞਣ' ਸ਼ਬਦ ਦਾ ਸਭ ਤੋਂ ਢੁਕਵਾਂ ਅਰਥ ਕਿਹੜਾ ਹੈ ?

a) ਵਿਆਹ ਦੀ ਇੱਕ ਰਸਮ ਜਿੱਥੇ ਲਾੜਾ ਕੁਲ ਦੇਵਤੇ ਅੱਗੇ ਸਿਰ ਨਿਵਾ ਕੇ ਆਸ਼ੀਰਵਾਦ ਲੈਂਦਾ ਹੈ।
b) ਕੁੜੀਆਂ-ਔਰਤਾਂ ਦਾ ਇਕੱਠ ਜਿੱਥੇ ਉਹ ਚਰਖਾ ਕੱਤਦੀਆਂ, ਗੀਤ ਗਾਉਂਦੀਆਂ ਤੇ ਗੱਲਾਂ ਸਾਂਝੀਆਂ ਕਰਦੀਆਂ ਸਨ
c) ਫ਼ਸਲ ਪੱਕਣ ਸਮੇਂ ਮਨਾਇਆ ਜਾਣ ਵਾਲਾ ਤਿਉਹਾਰ ਜਿੱਥੇ ਢੋਲ ਦੇ ਡਗੇ 'ਤੇ ਸਾਰੇ ਝੂਮ ਕੇ ਨੱਚਦੇ ਹਨ।
d) ਪੰਜਾਬੀ ਲੋਕ-ਨਾਚ ਦੀ ਇੱਕ ਕਿਸਮ ਜਿਸ ਵਿੱਚ ਮਰਦ ਅਤੇ ਇਸਤਰੀਆਂ ਦੋਵੇਂ ਨੱਚਦੇ ਹਨ।

Adda247

GET IT ON Google Play

40. ਪੁਰਾਤਨ ਪੰਜਾਬੀ ਸਭਿਆਚਾਰ ਵਿੱਚ 'ਜੰਞ' ਅਤੇ 'ਬਰਾਤ' ਦੋਹਾਂ ਸ਼ਬਦਾਂ ਦਾ ਸੰਬੰਧ ਕਿਸ ਨਾਲ ਹੈ ?
a) ਦੋਵੇਂ ਵਿਆਹ ਸਮੇਂ ਲਾੜੇ ਦੇ ਨਾਲ ਲਾੜੀ ਦੇ ਘਰ ਜਾਣ ਵਾਲੇ ਰਿਸ਼ਤੇਦਾਰਾਂ ਦੇ ਸਮੂਹ ਲਈ ਵਰਤੇ ਜਾਂਦੇ ਹਨ
b) ਜੰਞ ਸੋਗ ਦੀ ਰਸਮ ਹੈ, ਬਰਾਤ ਖੁਸ਼ੀ ਦੀ
c) ਦੋਵੇਂ ਫ਼ਸਲ ਦੀ ਵਾਢੀ ਨਾਲ ਸੰਬੰਧਿਤ ਹਨ
d) ਜੰਞ ਸਿਰਫ਼ ਮੁਸਲਿਮ ਭਾਈਚਾਰੇ ਵਿੱਚ ਅਤੇ ਬਰਾਤ ਸਿਰਫ਼ ਹਿੰਦੂ ਭਾਈਚਾਰੇ ਵਿੱਚ ਵਰਤਿਆ ਜਾਂਦਾ ਹੈ

41. ਪੁਰਾਤਨ ਪੰਜਾਬ ਵਿੱਚ 'ਹੜੱਪਾ' ਸਭਿਅਤਾ ਦੇ ਸੰਦਰਭ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ ?
a) ਹੜੱਪਾ ਅੱਜ ਦੇ ਪੰਜਾਬ (ਪਾਕਿਸਤਾਨ) ਦੇ ਸਾਹੀਵਾਲ ਜ਼ਿਲ੍ਹੇ ਵਿੱਚ ਰਾਵੀ ਦਰਿਆ ਦੇ ਕੰਢੇ ਸਥਿਤ ਹੈ
b) ਹੜੱਪਾ ਸਿੰਧ ਦਰਿਆ ਦੇ ਕੰਢੇ, ਪੰਜਾਬ ਤੋਂ ਬਾਹਰ ਸਥਿਤ ਹੈ
c) ਹੜੱਪਾ ਸਤਲੁਜ ਦਰਿਆ ਦੇ ਕੰਢੇ ਹੈ
d) ਹੜੱਪਾ ਸਭਿਅਤਾ ਦਾ ਅਜੋਕੇ ਦੋਹਾਂ ਪੰਜਾਬਾਂ ਨਾਲ ਕੋਈ ਸੰਬੰਧ ਨਹੀਂ

42. ਦੂਜੀ ਐਂਗਲੋ-ਸਿੱਖ ਜੰਗ (1848-49) ਦੀ ਆਖਰੀ ਵੱਡੀ ਲੜਾਈ, ਜਿਸ ਤੋਂ ਬਾਅਦ ਪੰਜਾਬ ਬ੍ਰਿਟਿਸ਼ ਸਾਮਰਾਜ ਵਿੱਚ ਜਜ਼ਬ ਹੋਇਆ, ਕਿਹੜੀ ਸੀ ?
a) ਫੇਰੂਸ਼ਹਿਰ ਦੀ ਲੜਾਈ b) ਚਿੱਲੀਆਂਵਾਲਾ ਦੀ ਲੜਾਈ c) ਗੁਜਰਾਤ ਦੀ ਲੜਾਈ d) ਸਭਰਾਉਂ ਦੀ ਲੜਾਈ

43. ਪੰਜਾਬੀ ਭਾਸ਼ਾ ਦੀ ਸਭ ਤੋਂ ਵਿਲੱਖਣ ਧੁਨੀ ਵਿਗਿਆਨਕ ਖਾਸੀਅਤ, ਜੋ ਇਸਨੂੰ ਬਹੁਤੀਆਂ ਹੋਰ ਭਾਰਤੀ-ਆਰੀਆ ਭਾਸ਼ਾਵਾਂ ਤੋਂ ਵੱਖ ਕਰਦੀ ਹੈ, ਕੀ ਹੈ ?
a) ਸੰਯੁਕਤ ਵਿਅੰਜਨਾਂ ਦੀ ਬਹੁਲਤਾ b) ਲਿੰਗ ਭੇਦ ਦੀ ਅਣਹੋਂਦ c) ਸੁਰ ਪ੍ਰਣਾਲੀ d) ਕਾਰਕ ਵਿਭਗਤੀਆਂ ਦੀ ਅਣਹੋਂਦ

44. ਪੰਜਾਬੀ ਧੁਨੀ ਵਿਉਂਤ ਵਿੱਚ ਮਹਾਪ੍ਰਾਣ ਅਤੇ ਅਲਪ-ਪ੍ਰਾਣ ਧੁਨੀਆਂ ਦਾ ਫਰਕ ਕਿਸ ਆਧਾਰ 'ਤੇ ਹੁੰਦਾ ਹੈ ?
a) ਸਵਰਾਂ ਦੀ ਲੰਬਾਈ ਦਾ ਤੁਲਨਾਤਮਕ ਅਧਿਐਨ ਕਰਨ ਦੇ ਨਾਲ
b) ਉਚਾਰਨ ਸਮੇਂ ਹਵਾ ਦੇ ਵਾਧੂ ਧੱਕੇ ਦੀ ਮੌਜੂਦਗੀ ਜਾਂ ਗੈਰ-ਮੌਜੂਦਗੀ 'ਤੇ
c) ਨਾਸਿਕਤਾ ਪੈਦਾ ਹੋਣ ਸਮੇਂ ਨੱਕ ਵਿਚੋਂ ਹਵਾ ਦੀ ਕਿੰਨੀ ਮਾਤਰਾ ਬਾਹਰ ਨਿਕਲਦੀ ਹੈ, ਇਸ ਦਾ ਅੰਦਾਜ਼ਾ ਲਗਾ ਕੇ
d) ਬੁੱਲ੍ਹਾਂ ਦੀ ਗੋਲਾਈ 'ਤੇ, ਕਿ ਉਹ ਹਵਾ ਦੀ ਕਿੰਨੀ ਮਾਤਰਾ ਬਾਹਰ ਭੇਜਣ ਲਈ ਕਿੰਨੇ ਖੁੱਲ ਸਕਦੇ ਹਨ।

45. ਪੰਜਾਬੀ ਬੋਲੀਆਂ ਵਿੱਚੋਂ ਕਿਹੜੀ ਬੋਲੀ ਨੂੰ ਪਰੰਪਰਾਗਤ ਤੌਰ 'ਤੇ 'ਮਿਆਰੀ ਪੰਜਾਬੀ' (Standard Punjabi) ਦਾ ਆਧਾਰ ਮੰਨਿਆ ਜਾਂਦਾ ਹੈ?
a) ਪੁਆਧੀ b) ਸਰਾਇਕੀ c) ਦੋਗਰੀ d) ਮਾਝੀ

46. ਪੰਜਾਬੀ ਭਾਸ਼ਾ ਦੇ ਸ਼ਬਦ-ਭੰਡਾਰ ਦੇ ਇਤਿਹਾਸਕ ਵਿਕਾਸ ਵਿੱਚ ਕਿਹੜੇ ਬਾਹਰੀ ਪ੍ਰਭਾਵ ਪ੍ਰਮੁੱਖ ਰਹੇ ਹਨ ?
a) ਸੰਸਕ੍ਰਿਤ, ਫ਼ਾਰਸੀ ਅਤੇ ਅੰਗ੍ਰੇਜ਼ੀ
b) ਫ਼ਾਰਸੀ, ਅਰਬੀ ਅਤੇ ਅੰਗ੍ਰੇਜ਼ੀ
c) ਸੰਸਕ੍ਰਿਤ, ਫ਼ਾਰਸੀ, ਅਰਬੀ ਅਤੇ ਅੰਗ੍ਰੇਜ਼ੀ
d) ਸੰਸਕ੍ਰਿਤ, ਲਾਤੀਨੀ

47. ਬਿਕ੍ਰਮੀ ਕੈਲੰਡਰ ਵਿੱਚ, ਪਹਿਲੇ ਛੇ ਮਹੀਨਿਆਂ (ਚੇਤ ਤੋਂ ਭਾਦੋਂ ਤੱਕ) ਅਤੇ ਆਖਰੀ ਛੇ ਮਹੀਨਿਆਂ (ਅੱਸੂ ਤੋਂ ਫੱਗਣ ਤੱਕ) ਦੀ ਜੇਕਰ ਦੋ ਸਮੂਹਾਂ ਵਿੱਚ ਵੰਡ ਕਰੀਏ ਤਾਂ ਹੇਠ ਲਿਖਿਆਂ ਵਿੱਚੋਂ ਕਿਹੜਾ ਮਹੀਨਾ ਪਹਿਲੇ ਸਮੂਹ ਵਿੱਚ ਨਹੀਂ ਆਉਂਦਾ ?
a) ਜੇਠ b) ਸਾਉਣ c) ਕੱਤਕ d) ਹਾੜ੍ਹ

48. "ਅੱਸੂ" ਮਹੀਨਾ ਆਮ ਤੌਰ 'ਤੇ ਕਿਹੜੇ ਅੰਗ੍ਰੇਜ਼ੀ ਮਹੀਨਿਆਂ ਨਾਲ ਸੰਬੰਧਿਤ ਹੈ ?
a) ਅਗਸਤ-ਸਤੰਬਰ b) ਸਤੰਬਰ-ਅਕਤੂਬਰ c) ਅਕਤੂਬਰ-ਨਵੰਬਰ d) ਜੁਲਾਈ-ਅਗਸਤ

49. 'ਸੰਖੇਪ' ਸ਼ਬਦ ਦਾ ਵਿਰੋਧਾਰਥਕ ਸ਼ਬਦ ਹੈ :
a) ਥੋੜ੍ਹਾ b) ਵਿਸਥਾਰ c) ਛੋਟਾ d) ਸੀਮਿਤ

50. ਮੁਹਾਵਰੇ 'ਹੱਥ ਪੀਲੇ ਕਰਨਾ' ਦਾ ਅਰਥ ਹੈ:
a) ਬੀਮਾਰ ਹੋਣਾ b) ਵਿਆਹ ਕਰਨਾ c) ਮਿਹਨਤ ਕਰਨਾ d) ਹਾਰ ਮੰਨਣਾ

## PART-B

1. Who is known as the author of Kitab-ul-Hind ? / ਕਿਤਾਬ-ਉਲ-ਹਿੰਦ ਦਾ ਲੇਖਕ ਕਿਸਨੂੰ ਮੰਨਿਆ ਜਾਂਦਾ ਹੈ ?
a) Ibn Battuta / ਇਬਨ ਬਤੂਤਾ
b) Al-Biruni / ਅਲ-ਬਿਰੂਨੀ
c) Minhaj-us-Siraj / ਮਿਨਹਾਜ-ਉਸ-ਸਿਰਾਜ
d) Firdausi / ਫਿਰਦੌਸੀ

2. Which of the following French officer was NOT associated with Maharaja Ranjit Singh's army ? / ਹੇਠ ਲਿਖਿਆਂ ਵਿੱਚੋਂ ਕਿਹੜਾ ਫਰਾਂਸੀਸੀ ਅਫਸਰ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨਾਲ ਸੰਬੰਧਤ ਨਹੀਂ ਸੀ ?
a) Ventura / ਵੈਂਚੂਰਾ b) Allard / ਐਲਾਰਡ c) Court / ਕੋਰਟ d) Dupleix / ਡੁਪਲੇਕਸ

3. Who was the Viceroy of India during the Jallianwala Bagh massacre ? / ਜਲ੍ਹਿਆਂਵਾਲਾ ਬਾਗ ਸਾਕੇ ਦੌਰਾਨ ਭਾਰਤ ਦਾ ਵਾਇਸਰਾਏ ਕੌਣ ਸੀ ?
a) Lord Curzon / ਲਾਰਡ ਕਰਜ਼ਨ
c) Lord Irwin / ਲਾਰਡ ਇਰਵਿਨ

Adda247

GET IT ON Google Play

b) Michael O'Dwyer / ਮਾਈਕਲ ਓਡਵਾਇਰ

d) Lord Chelmsford / ਲਾਰਡ ਚੇਮਸਫੋਰਡ

4. The capital of the Ahluwalia Misl was:/ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਸੀ :

a) Lahore / ਲਾਹੌਰ b) Kapurthala / ਕਪੂਰਥਲਾ c) Amritsar / ਅੰਮ੍ਰਿਤਸਰ d) Patiala / ਪਟਿਆਲਾ

5. The famous "Moorish Mosque" in Kapurthala was built by: / ਕਪੂਰਥਲਾ ਵਿੱਚ ਪ੍ਰਸਿੱਧ "ਮੂਰਿਸ਼ ਮਸਜਿਦ" ਕਿਸਨੇ ਬਣਵਾਈ:

a) Jagatjit Singh / ਜਗਤਜੀਤ ਸਿੰਘ

b) Ranjit Singh / ਰਣਜੀਤ ਸਿੰਘ

c) Dalip Singh / ਦਲੀਪ ਸਿੰਘ

d) Sher Singh / ਸ਼ੇਰ ਸਿੰਘ

6. Who translated the Quran into Punjabi verse ? / ਕੁਰਾਨ ਦਾ ਪੰਜਾਬੀ ਕਾਵਿ ਵਿੱਚ ਅਨੁਵਾਦ ਕਿਸਨੇ ਕੀਤਾ ?

a) Bulleh Shah / ਬੁੱਲ੍ਹੇ ਸ਼ਾਹ

b) Waris Shah / ਵਾਰਿਸ ਸ਼ਾਹ

c) Sharif Kunjahi / ਸ਼ਰੀਫ਼ ਕੁੰਜਾਹੀ

d) Bhai Gurdas / ਭਾਈ ਗੁਰਦਾਸ

7. Which of the following rivers of Punjab is considered antecedent to the Himalayan uplift ? / ਪੰਜਾਬ ਦਾ ਹੇਠ ਲਿਖਿਆਂ ਵਿੱਚੋਂ ਕਿਹੜਾ ਦਰਿਆ ਹਿਮਾਲਿਆ ਦੇ ਉਭਾਰ ਤੋਂ ਪਹਿਲਾਂ ਦਾ ਮੰਨਿਆ ਜਾਂਦਾ ਹੈ ?

a) Ghaggar / ਘੱਗਰ b) Sutlej / ਸਤਲੁਜ c) Ravi / ਰਾਵੀ d) Bein / ਬੇਈਂ

8. During the Vedic age in Punjab, the primary unit of social organization among the following was: / ਪੰਜਾਬ ਵਿੱਚ ਵੈਦਿਕ ਕਾਲ ਦੌਰਾਨ, ਸਮਾਜਿਕ ਸੰਗਠਨ ਦੀ ਮੁੱਖ ਇਕਾਈ ਸੀ :

a) Jana / ਜਨ b) Vish / ਵਿਸ਼ c) Sabha / ਸਭਾ d) Grama / ਗ੍ਰਾਮ

9. Match the Sufi Saints with Their Associated Places, and choose the correct answer: / ਸੂਫ਼ੀ ਸੰਤਾਂ ਨੂੰ ਉਹਨਾਂ ਨਾਲ ਸੰਬੰਧਤ ਥਾਵਾਂ ਨਾਲ ਮਿਲਾਓ, ਅਤੇ ਸਹੀ ਉੱਤਰ ਚੁਣੋ :

| *List I (Sufi Saint) / ਸੂਚੀ I (ਸੂਫ਼ੀ ਸੰਤ ):* | *List II (Place) / ਸੂਚੀ II (ਥਾਂ ):* |
|---|---|
| A) Baba Farid / ਬਾਬਾ ਫ਼ਰੀਦ | 1. Kasur / ਕਸੂਰ |
| B) Bulleh Shah / ਬੁੱਲ੍ਹੇ ਸ਼ਾਹ | 2. Pakpattan / ਪਾਕਪਟਨ |
| C) Shah Hussain / ਸ਼ਾਹ ਹੁਸੈਨ | 3. Lahore / ਲਾਹੌਰ |
| D) Sultan Bahu / ਸੁਲਤਾਨ ਬਾਹੂ | 4. Jhang / ਝੰਗ |

a) A-4, B-1, C-2, D-3 b) A-1, B-2, C-4, D-3 c) A-2, B-3, C-1, D-4 d) A-2, B-1, C-3, D-4

10. Match the Bhakti/Sufi Personalities with Their Literary Contributions, and choose the correct answer: / ਭਗਤੀ/ਸੂਫ਼ੀ ਸ਼ਖ਼ਸੀਅਤਾਂ ਨੂੰ ਉਹਨਾਂ ਦੀਆਂ ਸਾਹਿਤਕ ਰਚਨਾਵਾਂ ਨਾਲ ਮਿਲਾਓ, ਅਤੇ ਸਹੀ ਉੱਤਰ ਚੁਣੋ :

| *List I (Personality) / ਸੂਚੀ I (ਸ਼ਖ਼ਸੀਅਤ):* | *List II (Work/Contribution) / ਸੂਚੀ II (ਰਚਨਾ/ਯੋਗਦਾਨ ):* |
|---|---|
| A) Guru Nanak Dev ji / ਗੁਰੂ ਨਾਨਕ ਦੇਵ ਜੀ | 1. Kafis / ਕਾਫ਼ੀਆਂ |
| B) Bulleh Shah / ਬੁੱਲ੍ਹੇ ਸ਼ਾਹ | 2. Japji Sahib / ਜਪੁਜੀ ਸਾਹਿਬ |
| C) Sultan Bahu / ਸੁਲਤਾਨ ਬਾਹੂ | 3. Heer / ਹੀਰ |
| D) Waris Shah / ਵਾਰਿਸ ਸ਼ਾਹ | 4. Abyat-e-Bahu / ਅਬਿਆਤ-ਏ-ਬਾਹੂ |

a) A-2, B-1, C-4, D-3 b) A-1, B-2, C-3, D-4 c) A-2, B-4, C-1, D-3 d) A-3, B-1, C-4, D-2

11. The Gandhara School of Art, which flourished in the Punjab region, is especially known for: / ਗੰਧਾਰ ਕਲਾ ਸਕੂਲ, ਜੋ ਪੰਜਾਬ ਖੇਤਰ ਵਿੱਚ ਪ੍ਰਫੁੱਲਿਤ ਹੋਇਆ, ਖਾਸ ਤੌਰ 'ਤੇ ਕਿਸ ਲਈ ਜਾਣਿਆ ਜਾਂਦਾ ਹੈ :

a) Purely Dravidian temple architecture / ਸ਼ੁੱਧ ਦ੍ਰਾਵਿੜ ਮੰਦਿਰ ਆਰਕੀਟੈਕਚਰ

b) The human representations of Buddha influenced by Greek art / ਯੂਨਾਨੀ ਕਲਾ ਤੋਂ ਪ੍ਰਭਾਵਿਤ ਬੁੱਧ ਦੀਆਂ ਮਨੁੱਖੀ ਪ੍ਰਤੀਮਾਵਾਂ

c) Persian miniature paintings / ਫ਼ਾਰਸੀ ਲਘੂ ਚਿੱਤਰਕਾਰੀ

d) Rock-cut caves dedicated to Jainism / ਜੈਨ ਧਰਮ ਨੂੰ ਸਮਰਪਿਤ ਚੱਟਾਨ-ਕੱਟ ਗੁਫਾਵਾਂ

12. Large numbers of coins and coin-moulds of the Parthian king Gondophernes were discovered at which two Punjab sites ? / ਪਾਰਥੀਅਨ ਰਾਜਾ ਗੋਂਡੋਫਰਨੀਸ ਦੇ ਸਿੱਕੇ ਅਤੇ ਸਿੱਕਾ-ਸਾਂਚੇ ਪੰਜਾਬ ਦੇ ਕਿਹੜੇ ਦੋ ਸਥਾਨਾਂ ਤੋਂ ਮਿਲੇ ?

a) Ropar and Sanghol / ਰੋਪੜ ਅਤੇ ਸੰਘੋਲ

b) Sunet and Rohira / ਸੁਨੇਤ ਅਤੇ ਰੋਹੀੜਾ

c) Taxila and Sialkot / ਤਕਸ਼ਿਲਾ ਅਤੇ ਸਿਆਲਕੋਟ

d) Bathinda and Sirhind / ਬਠਿੰਡਾ ਅਤੇ ਸਰਹਿੰਦ

13. The famous 117 carved Kushan-period stone sculptures (69 pillars, 35 crossbars) excavated in 1985 at Sanghol belong to which artistic school ? / 1985 ਵਿੱਚ ਸੰਘੋਲ ਤੋਂ ਖੁਦਾਈ ਕੀਤੀਆਂ 117 ਕੁਸ਼ਾਣ-ਕਾਲੀਨ ਪੱਥਰ ਦੀਆਂ ਮੂਰਤੀਆਂ ਕਿਸ ਕਲਾ ਸ਼ੈਲੀ ਨਾਲ ਸੰਬੰਧਿਤ ਹਨ ?

a) Gandhara School / ਗੰਧਾਰ ਸ਼ੈਲੀ

b) Amaravati School / ਅਮਰਾਵਤੀ ਸ਼ੈਲੀ

c) Mathura School / ਮਥੁਰਾ ਸ਼ੈਲੀ

d) Pala School / ਪਾਲ ਸ਼ੈਲੀ

Adda247

GET IT ON Google Play

14. The Bhakti saint-poet Bhagat Namdev, whose hymns are in the Guru Granth Sahib, spent his later years and attained his end at which place in Punjab ? / ਭਗਤੀ ਸੰਤ-ਕਵੀ ਭਗਤ ਨਾਮਦੇਵ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ, ਨੇ ਆਪਣੇ ਆਖ਼ਰੀ ਸਾਲ ਪੰਜਾਬ ਦੇ ਕਿਸ ਸਥਾਨ ਤੇ ਬਿਤਾਏ ?

a) Sultanpur Lodhi / ਸੁਲਤਾਨਪੁਰ ਲੋਧੀ
b) Ghuman (Gurdaspur) / ਘੁਮਾਣ (ਗੁਰਦਾਸਪੁਰ)
c) Kartarpur / ਕਰਤਾਰਪੁਰ
d) Khadur Sahib / ਖਡੂਰ ਸਾਹਿਬ

15. The arrangement of hymns in the Adi Granth is primarily based on: / ਆਦਿ ਗ੍ਰੰਥ ਵਿੱਚ ਬਾਣੀਆਂ ਦਾ ਪ੍ਰਬੰਧ ਮੁੱਖ ਤੌਰ 'ਤੇ ਕਿਸ 'ਤੇ ਆਧਾਰਿਤ ਹੈ :

a) Chronology of Gurus / ਗੁਰੂਆਂ ਦੇ ਕਾਲਕ੍ਰਮ
b) Social themes / ਸਮਾਜਿਕ ਵਿਸ਼ੇ
c) Musical measures (Ragas) / ਸੰਗੀਤਕ ਮਾਪ (ਰਾਗ)
d) Alphabetical order / ਵਰਣਮਾਲਾ ਕ੍ਰਮ

16. Consider the following pairs: Bhagat Kabir ji – Nirguna Bhakti; Guru Ravidas ji– Anti-caste egalitarianism; Sheikh Farid – Sufi mysticism. Which of the pairs given above is/are correctly matched ? / ਹੇਠ ਲਿਖੇ ਜੋੜਿਆਂ 'ਤੇ ਵਿਚਾਰ ਕਰੋ: ਭਗਤ ਕਬੀਰ ਜੀ – ਨਿਰਗੁਣ ਭਗਤੀ; ਗੁਰੂ ਰਵਿਦਾਸ ਜੀ – ਜਾਤੀ-ਵਿਰੋਧੀ ਸਮਾਨਤਾਵਾਦ; ਸ਼ੇਖ਼ ਫ਼ਰੀਦ – ਸੂਫ਼ੀ ਰਹੱਸਵਾਦ। ਉੱਪਰ ਦਿੱਤੇ ਜੋੜਿਆਂ ਵਿੱਚੋਂ ਕਿਹੜਾ/ਕਿਹੜੇ ਸਹੀ ਮਿਲਾਏ ਗਏ ਹਨ ?

a) 1 and 2 only/ਸਿਰਫ਼ 1 ਅਤੇ 2 b) 2 and 3 only/ਸਿਰਫ਼ 2 ਅਤੇ 3 c) 1, 2, and 3/1, 2 ਅਤੇ 3 d) 1 only/ਸਿਰਫ਼ 1

17. Which Mahajanapada included parts of modern Punjab ?/ ਕਿਹੜੇ ਮਹਾਜਨਪਦ ਵਿੱਚ ਆਧੁਨਿਕ ਪੰਜਾਬ ਦੇ ਹਿੱਸੇ ਸ਼ਾਮਲ ਸਨ?

a) Gandhara / ਗੰਧਾਰ b) Magadha / ਮਗਧ c) Kosala / ਕੋਸਲ d) Avanti / ਅਵੰਤੀ

18. In the context of Indian Union-State legislative relations and judicial review, which of the following statements accurately reflects the definitive constitutional position established by the Supreme Court of India regarding Article 356 ?

a) The proclamation issued under Article 356(1) is immune to judicial review under Article 74(2).
b) The Supreme Court can strike down a Presidential proclamation under Article 356 if it is found to be malafide or based on wholly irrelevant grounds, and it has the power to restore the dissolved Legislative Assembly.
c) The President can dissolve a State Legislative Assembly immediately upon issuing the proclamation, without waiting for Parliamentary approval.
d) If both Houses of Parliament disapprove the proclamation, the actions taken during the period it was in force automatically become void *ab initio*.

ਭਾਰਤੀ ਸੰਘ-ਰਾਜ ਵਿਧਾਨਕ ਸਬੰਧਾਂ ਅਤੇ ਨਿਆਂਇਕ ਸਮੀਖਿਆ ਦੇ ਸੰਦਰਭ ਵਿੱਚ, ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਆਰਟੀਕਲ 356 (ਧਾਰਾ 356) ਦੇ ਸੰਬੰਧ ਵਿੱਚ ਭਾਰਤ ਦੀ ਸੁਪਰੀਮ ਕੋਰਟ ਦੁਆਰਾ ਸਥਾਪਿਤ ਨਿਰਣਾਇਕ ਸੰਵਿਧਾਨਕ ਸਥਿਤੀ ਨੂੰ ਸਹੀ ਰੂਪ ਵਿੱਚ ਦਰਸਾਉਂਦਾ ਹੈ ?

a) ਆਰਟੀਕਲ 356(1) ਦੇ ਤਹਿਤ ਜਾਰੀ ਕੀਤੀ ਗਈ ਘੋਸ਼ਣਾ ਆਰਟੀਕਲ 74(2) ਦੇ ਤਹਿਤ ਨਿਆਂਇਕ ਸਮੀਖਿਆ ਤੋਂ ਮੁਕਤ ਹੈ।
b) ਸੁਪਰੀਮ ਕੋਰਟ, ਆਰਟੀਕਲ 356 ਦੇ ਤਹਿਤ, ਰਾਸ਼ਟਰਪਤੀ ਦੀ ਘੋਸ਼ਣਾ ਨੂੰ ਰੱਦ ਕਰ ਸਕਦੀ ਹੈ ਜੇਕਰ ਇਹ ਬਦਨੀਤੀ (malafide) ਜਾਂ ਪੂਰੀ ਤਰ੍ਹਾਂ ਗੈਰ-ਪ੍ਰਸੰਗਿਕ ਅਧਾਰਾਂ 'ਤੇ ਪਾਈ ਜਾਂਦੀ ਹੈ, ਅਤੇ ਅਦਾਲਤ ਕੋਲ ਭੰਗ ਕੀਤੀ ਗਈ ਵਿਧਾਨ ਸਭਾ ਨੂੰ ਬਹਾਲ ਕਰਨ ਦੀ ਸ਼ਕਤੀ ਹੈ।
c) ਰਾਸ਼ਟਰਪਤੀ, ਸੰਸਦੀ ਮਨਜ਼ੂਰੀ ਦੀ ਉਡੀਕ ਕੀਤੇ ਬਿਨਾਂ, ਘੋਸ਼ਣਾ ਜਾਰੀ ਕਰਨ ਦੇ ਤੁਰੰਤ ਬਾਅਦ, ਕਿਸੇ ਰਾਜ ਦੀ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ।
d) ਜੇਕਰ ਸੰਸਦ ਦੇ ਦੋਵੇਂ ਸਦਨ ਘੋਸ਼ਣਾ ਨੂੰ ਨਾਮਨਜ਼ੂਰ ਕਰ ਦਿੰਦੇ ਹਨ, ਤਾਂ ਇਸ ਦੇ ਲਾਗੂ ਰਹਿਣ ਦੀ ਮਿਆਦ ਦੌਰਾਨ ਕੀਤੇ ਗਏ ਕਾਰਜ ਆਪਣੇ ਆਪ ਹੀ ਸ਼ੁਰੂ ਤੋਂ ਹੀ ਬੇਅਸਰ (void ab initio) ਹੋ ਜਾਂਦੇ ਹਨ।

19. Under the anti-defection law (Tenth Schedule), the authority to decide questions of disqualification of a member is the: / ਦਲ-ਬਦਲ ਵਿਰੋਧੀ ਕਾਨੂੰਨ (ਦਸਵੀਂ ਅਨੁਸੂਚੀ) ਅਧੀਨ, ਕਿਸੇ ਮੈਂਬਰ ਦੀ ਅਯੋਗਤਾ (disqualification) ਬਾਰੇ ਫੈਸਲਾ ਕਰਨ ਦਾ ਅਧਿਕਾਰ ਕਿਸ ਕੋਲ ਹੁੰਦਾ ਹੈ :

a) President / Governor / ਰਾਸ਼ਟਰਪਤੀ / ਰਾਜਪਾਲ
b) Election Commission / ਚੋਣ ਕਮਿਸ਼ਨ
c) Presiding Officer of the House/ਸਦਨ ਦਾ ਪ੍ਰੀਜ਼ਾਈਡਿੰਗ ਅਫਸਰ
d) Supreme Court / ਸੁਪਰੀਮ ਕੋਰਟ

20. The writ issued by a court to a public official directing the performance of a public or statutory duty is: / ਅਦਾਲਤ ਵੱਲੋਂ ਕਿਸੇ ਜਨਤਕ ਅਧਿਕਾਰੀ ਨੂੰ ਆਪਣਾ ਜਨਤਕ ਜਾਂ ਵਿਧਾਨਿਕ ਕਰਤੱਵ ਨਿਭਾਉਣ ਦਾ ਹੁਕਮ ਦੇਣ ਵਾਲੀ ਰਿੱਟ ਹੈ :

a) Habeas Corpus / ਹੇਬੀਅਸ ਕਾਰਪਸ
b) Mandamus / ਮੈਂਡੇਮਸ
c) Certiorari / ਸਰਸ਼ੋਰੇਰੀ
d) Quo Warranto / ਕੋ ਵਾਰੰਟੋ

21. Harike Wetland, a designated Ramsar site located at the confluence of the Beas and Sutlej rivers in Punjab, has faced severe ecological degradation primarily due to the rapid proliferation of an invasive alien macrophyte. Identify this specific weed : / ਹਰੀਕੇ ਪੱਤਣ (Harike Wetland), ਪੰਜਾਬ ਵਿੱਚ ਬਿਆਸ ਅਤੇ ਸਤਲੁਜ ਦਰਿਆਵਾਂ ਦੇ ਸੰਗਮ 'ਤੇ ਸਥਿਤ ਇੱਕ ਮਨੋਨੀਤ ਰਾਮਸਰ ਸਾਈਟ ਹੈ, ਜੋ ਮੁੱਖ ਤੌਰ 'ਤੇ ਇੱਕ ਹਮਲਾਵਰ ਬਾਹਰੀ ਜਲ-ਪੌਦੇ (invasive

Adda247
GET IT ON Google Play

alien macrophyte) ਦੇ ਤੇਜ਼ੀ ਨਾਲ ਫੈਲਣ ਕਾਰਨ ਗੰਭੀਰ ਵਾਤਾਵਰਣਕ ਗਿਰਾਵਟ ਦਾ ਸਾਹਮਣਾ ਕਰ ਰਹੀ ਹੈ। ਇਸ ਖਾਸ ਨਦੀਨ (weed) ਦੀ ਪਛਾਣ ਕਰੋ :

a) *Parthenium hysterophorus* (Congress grass) / ) ਪਾਰਥੀਨੀਅਮ ਹਿਸਟਰੋਫੋਰਸ (ਕਾਂਗਰਸ ਘਾਹ) ✓
b) *Lantana camara* (Wild sage) / ਲੈਂਟਾਨਾ ਕਾਮਾਰਾ / (ਵਾਈਲਡ ਸੇਜ / ਪੰਚਫੁੱਲੀ)
c) *Eichhornia crassipes* (Water hyacinth) ) ਆਈਖੋਰਨੀਆ ਕ੍ਰੈਸੀਪਸ (ਜਲ ਕੁੰਭੀ)
d) *Prosopis juliflora* (Vilayati kikar) / ਪ੍ਰੋਸੋਪਿਸ ਜੂਲੀਫਲੋਰਾ (ਵਿਲਾਇਤੀ ਕਿੱਕਰ)

22. In the IUCN Red List, a species facing an extremely high risk of extinction in the wild is categorised as: / IUCN ਰੈੱਡ ਲਿਸਟ ਵਿੱਚ, ਜੰਗਲੀ ਹਾਲਤ ਵਿੱਚ ਅਲੋਪ ਹੋਣ ਦੇ ਬਹੁਤ ਜ਼ਿਆਦਾ ਖ਼ਤਰੇ ਦਾ ਸਾਹਮਣਾ ਕਰ ਰਹੀ ਪ੍ਰਜਾਤੀ ਨੂੰ ਕਿਹਾ ਜਾਂਦਾ ਹੈ :

a) Vulnerable / ਵਲਨਰੇਬਲ
b) Endangered / ਐਂਡੇਂਜਰਡ
c) Critically Endangered / ਕ੍ਰਿਟੀਕਲੀ ਐਂਡੇਂਜਰਡ
d) Near Threatened / ਨੀਅਰ ਥ੍ਰੇਟਨਡ

23. Which greenhouse gas has the highest Global Warming Potential per molecule over a 100-year horizon among the following ? / ਹੇਠ ਲਿਖਿਆਂ ਵਿੱਚੋਂ ਕਿਹੜੀ ਗ੍ਰੀਨਹਾਊਸ ਗੈਸ ਦੀ 100 ਸਾਲਾਂ ਦੇ ਦੌਰ ਵਿੱਚ ਪ੍ਰਤੀ ਅਣੂ ਗਲੋਬਲ ਵਾਰਮਿੰਗ ਸਮਰੱਥਾ ਸਭ ਤੋਂ ਵੱਧ ਹੈ :

a) Carbon dioxide / ਕਾਰਬਨ ਡਾਈਆਕਸਾਈਡ
b) Methane / ਮੀਥੇਨ
c) Nitrous oxide / ਨਾਈਟਰਸ ਆਕਸਾਈਡ
d) Sulphur hexafluoride / ਸਲਫਰ ਹੈਕਸਾਫਲੋਰਾਈਡ

24. Which nation topped the medal tally at the Milano Cortina 2026 Winter Olympics ? / ਮਿਲਾਨੋ ਕੋਰਟੀਨਾ 2026 ਸਰਦ ਰੁੱਤ ਓਲੰਪਿਕ ਦੀ ਤਮਗਾ ਸੂਚੀ ਵਿੱਚ ਕਿਹੜਾ ਦੇਸ਼ ਸਿਖਰ 'ਤੇ ਰਿਹਾ ?

a) United States of America / ਸੰਯੁਕਤ ਰਾਜ ਅਮਰੀਕਾ
b) Germany / ਜਰਮਨੀ
c) Norway / ਨਾਰਵੇ ✓
d) China / ਚੀਨ

25. The Union Budget 2026-27, presented on 1 February 2026, projected the fiscal deficit for FY 2026-27 at : / 1 ਫਰਵਰੀ 2026 ਨੂੰ ਪੇਸ਼ ਕੀਤੇ ਗਏ ਕੇਂਦਰੀ ਬਜਟ 2026-27 ਵਿੱਚ ਵਿੱਤੀ ਸਾਲ 2026-27 ਲਈ ਵਿੱਤੀ ਘਾਟੇ (fiscal deficit) ਦਾ ਅਨੁਮਾਨ ਰੱਖਿਆ ਗਿਆ ਸੀ :

a) 4.9% of GDP / GDP ਦਾ 4.9%
b) 4.5% of GDP / GDP ਦਾ 4.5%
c) 4.3% of GDP / GDP ਦਾ 4.3%
d) 3.9% of GDP / GDP ਦਾ 3.9%

26. The International Booker Prize 2026 was won by 'Taiwan Travelogue', notable as the first winning book translated from: / ਅੰਤਰਰਾਸ਼ਟਰੀ ਬੁਕਰ ਪ੍ਰਾਈਜ਼ 2026 'ਤਾਈਵਾਨ ਟ੍ਰੈਵਲਾਗ' ਨੇ ਜਿੱਤਿਆ, ਜੋ ਪਹਿਲੀ ਵਾਰ ਕਿਸ ਭਾਸ਼ਾ ਤੋਂ ਅਨੁਵਾਦਿਤ ਜੇਤੂ ਪੁਸਤਕ ਬਣੀ :

a) Korean / ਕੋਰੀਅਨ
b) Mandarin Chinese / ਮੈਂਡਰਿਨ ਚੀਨੀ ✓
c) Japanese / ਜਾਪਾਨੀ
d) Vietnamese / ਵੀਅਤਨਾਮੀ

27. In recent years, the Punjab Agricultural University (PAU) developed and released a unique wheat variety named PBW RS-1. What is the distinct scientific and nutritional characteristic of this specific variety ?

a) It contains 50% higher glutenin protein content specifically engineered for industrial leavening.
b) It possesses high amylose content and resistant starch, which causes a much slower rise in blood glucose levels, making it highly beneficial for individuals with type-2 diabetes and obesity. ✓
c) It is the world's first wheat variety completely modified with jellyfish green fluorescent protein (GFP) for night-harvesting visibility.
d) It completely bypasses the need for nitrogen fixation by forming a symbiotic relationship with marine cyanobacteria.

ਹਾਲ ਹੀ ਦੇ ਸਾਲਾਂ ਵਿੱਚ, ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਨੇ 'PBW RS-1' ਨਾਮੀ ਕਣਕ ਦੀ ਇੱਕ ਵਿਲੱਖਣ ਕਿਸਮ ਵਿਕਸਿਤ ਕਰਕੇ ਜਾਰੀ ਕੀਤੀ ਹੈ। ਇਸ ਖਾਸ ਕਿਸਮ ਦੀ ਪ੍ਰਮੁੱਖ ਵਿਗਿਆਨਕ ਅਤੇ ਪੌਸ਼ਟਿਕ ਵਿਸ਼ੇਸ਼ਤਾ ਕੀ ਹੈ ?

a) ਇਸ ਵਿੱਚ ਉਦਯੋਗਿਕ ਖਮੀਰ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ 50% ਵੱਧ ਗਲੂਟੇਨਿਨ ਪ੍ਰੋਟੀਨ ਹੁੰਦਾ ਹੈ।
b) ਇਸ ਵਿੱਚ ਉੱਚ ਐਮੀਲੋਜ਼ (amylose) ਅਤੇ ਰੋਧਕ ਸਟਾਰਚ (resistant starch) ਹੁੰਦਾ ਹੈ, ਜਿਸ ਨਾਲ ਖੂਨ ਵਿੱਚ ਗਲੂਕੋਜ਼ ਦਾ ਪੱਧਰ ਬਹੁਤ ਹੌਲੀ-ਹੌਲੀ ਵਧਦਾ ਹੈ, ਜੋ ਟਾਈਪ-2 ਸ਼ੂਗਰ (diabetes) ਅਤੇ ਮੋਟਾਪੇ ਤੋਂ ਪੀੜਤ ਵਿਅਕਤੀਆਂ ਲਈ ਬਹੁਤ ਫਾਇਦੇਮੰਦ ਹੈ।
c) ਇਹ ਜੈਲੀਫਿਸ਼ ਦੇ ਗ੍ਰੀਨ ਫਲੋਰਸੈਂਟ ਪ੍ਰੋਟੀਨ (GFP) ਨਾਲ ਪੂਰੀ ਤਰ੍ਹਾਂ ਸੋਧੀ ਗਈ ਦੁਨੀਆ ਦੀ ਪਹਿਲੀ ਕਣਕ ਦੀ ਕਿਸਮ ਹੈ, ਤਾਂ ਜੋ ਰਾਤ ਨੂੰ ਵਾਢੀ ਦੌਰਾਨ ਇਹ ਸਾਫ਼ ਦਿਖਾਈ ਦੇ ਸਕੇ। ✗
d) ਇਹ ਸਮੁੰਦਰੀ ਸਾਈਨੋਬੈਕਟੀਰੀਆ ਨਾਲ ਇੱਕ ਸਹਿਜੀਵੀ ਸਬੰਧ ਬਣਾ ਕੇ ਨਾਈਟ੍ਰੋਜਨ ਸਥਿਰਤਾ (nitrogen fixation) ਦੀ ਲੋੜ ਨੂੰ ਪੂਰੀ ਤਰ੍ਹਾਂ ਬਾਈਪਾਸ ਕਰਦੀ ਹੈ। ✗

28. The human-rated launch vehicle to be used for the Gaganyaan missions is: / ਗਗਨਯਾਨ ਮਿਸ਼ਨਾਂ ਲਈ ਵਰਤਿਆ ਜਾਣ ਵਾਲਾ ਮਨੁੱਖ-ਦਰਜਾ ਪ੍ਰਾਪਤ (human-rated) ਲਾਂਚ ਵਾਹਨ ਹੈ :

a) PSLV-XL b) GSLV Mk-I c) HLVM3 d) SSLV

29. The phenomenon exploited by an optical fibre to transmit light over long distances is: / ਆਪਟੀਕਲ ਫਾਈਬਰ ਲੰਬੀ ਦੂਰੀ ਤੱਕ ਪ੍ਰਕਾਸ਼ ਸੰਚਾਰਿਤ ਕਰਨ ਲਈ ਕਿਹੜੀ ਪ੍ਰਕਿਰਿਆ ਦੀ ਵਰਤੋਂ ਕਰਦਾ ਹੈ :

a) Diffraction / ਵਿਵਰਤਨ
b) Total internal reflection / ਪੂਰਨ ਅੰਦਰੂਨੀ ਪ੍ਰਤੀਬਿੰਬ
c) Interference / ਵਿਆਤਿਕਰਨ
d) Polarisation / ਧਰੁਵੀਕਰਨ

30. The primary tool used by the Reserve Bank of India to absorb excess liquidity from the banking system since April 2022 is the: / ਅਪ੍ਰੈਲ 2022 ਤੋਂ ਭਾਰਤੀ ਰਿਜ਼ਰਵ ਬੈਂਕ ਵੱਲੋਂ ਬੈਂਕਿੰਗ ਪ੍ਰਣਾਲੀ ਵਿੱਚੋਂ ਵਾਧੂ ਤਰਲਤਾ (liquidity) ਸੋਖਣ ਲਈ ਵਰਤਿਆ ਜਾਣ ਵਾਲਾ ਮੁੱਖ ਸੰਦ ਹੈ :

a) Reverse repo rate / ਰਿਵਰਸ ਰੇਪੋ ਦਰ
b) Standing Deposit Facility (SDF) / ਸਟੈਂਡਿੰਗ ਡਿਪਾਜ਼ਿਟ ਫੈਸਿਲਿਟੀ
c) Marginal Standing Facility / ਮਾਰਜਿਨਲ ਸਟੈਂਡਿੰਗ ਫੈਸਿਲਿਟੀ
d) Cash Reserve Ratio / ਨਕਦ ਰਾਖਵਾਂ ਅਨੁਪਾਤ

31. Which of the following is a direct tax? / ਹੇਠ ਲਿਖਿਆਂ ਵਿੱਚੋਂ ਕਿਹੜਾ ਸਿੱਧਾ ਟੈਕਸ (direct tax) ਹੈ ?

a) Goods and Services Tax / ਵਸਤਾਂ ਅਤੇ ਸੇਵਾਵਾਂ ਟੈਕਸ
b) Customs duty / ਕਸਟਮ ਡਿਊਟੀ
c) Corporation tax / ਕਾਰਪੋਰੇਸ਼ਨ ਟੈਕਸ
d) Excise duty / ਐਕਸਾਈਜ਼ ਡਿਊਟੀ

32. During the early phase of the Indian freedom struggle in Punjab, the Kuka (or Namdhari) Movement under the leadership of Baba Ram Singh took a distinctly radical administrative stance. Which of the following was a pioneering feature of this movement in the 1870s ?

a) The signing of a subsidiary alliance with the French East India Company to procure heavy artillery.
b) The establishment of an independent, parallel postal system and a strict boycott of British government schools, courts, and foreign cloth.
c) The translation of the Rigveda into Latin to gain diplomatic leverage in European parliaments.
d) Total alignment with the British East India Company to annex the Cis-Sutlej princely states.

ਪੰਜਾਬ ਵਿੱਚ ਭਾਰਤੀ ਆਜ਼ਾਦੀ ਸੰਗਰਾਮ ਦੇ ਸ਼ੁਰੂਆਤੀ ਦੌਰ ਦੌਰਾਨ, ਬਾਬਾ ਰਾਮ ਸਿੰਘ ਜੀ ਦੀ ਅਗਵਾਈ ਵਿੱਚ ਕੂਕਾ (ਜਾਂ ਨਾਮਧਾਰੀ) ਅੰਦੋਲਨ ਨੇ ਇੱਕ ਸਪੱਸ਼ਟ ਰੂਪ ਵਿੱਚ ਕ੍ਰਾਂਤੀਕਾਰੀ ਪ੍ਰਸ਼ਾਸਨਿਕ ਰੁਖ ਅਪਣਾਇਆ ਸੀ। 1870 ਦੇ ਦਹਾਕੇ ਵਿੱਚ ਇਸ ਅੰਦੋਲਨ ਦੀ ਇੱਕ ਮੋਹਰੀ/ਨਿਵੇਕਲੀ ਵਿਸ਼ੇਸ਼ਤਾ ਹੇਠ ਲਿਖਿਆਂ ਵਿੱਚੋਂ ਕਿਹੜੀ ਸੀ ?

a) ਭਾਰੀ ਤੋਪਖਾਨੇ ਦੀ ਖਰੀਦ ਲਈ ਫ੍ਰੈਂਚ ਈਸਟ ਇੰਡੀਆ ਕੰਪਨੀ ਨਾਲ ਇੱਕ ਸਹਾਇਕ ਗਠਜੋੜ (subsidiary alliance) 'ਤੇ ਦਸਤਖਤ ਕਰਨਾ।
b) ਇੱਕ ਸੁਤੰਤਰ, ਸਮਾਨਾਂਤਰ ਡਾਕ ਪ੍ਰਣਾਲੀ ਦੀ ਸਥਾਪਨਾ ਅਤੇ ਬ੍ਰਿਟਿਸ਼ ਸਰਕਾਰੀ ਸਕੂਲਾਂ, ਅਦਾਲਤਾਂ ਅਤੇ ਵਿਦੇਸ਼ੀ ਕੱਪੜਿਆਂ ਦਾ ਸਖ਼ਤ ਬਾਈਕਾਟ ਕਰਨਾ।
c) ਯੂਰਪੀਅਨ ਸੰਸਦਾਂ ਵਿੱਚ ਰਾਜਨੀਤਿਕ ਪ੍ਰਭਾਵ ਹਾਸਲ ਕਰਨ ਲਈ ਰਿਗਵੇਦ ਦਾ ਲਾਤੀਨੀ ਭਾਸ਼ਾ ਵਿੱਚ ਅਨੁਵਾਦ ਕਰਨਾ।
d) ਸਤਲੁਜ-ਪਾਰ ਦੀਆਂ ਰਿਆਸਤਾਂ ਨੂੰ ਆਪਣੇ ਅਧੀਨ ਕਰਨ ਲਈ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨਾਲ ਪੂਰੀ ਤਰ੍ਹਾਂ ਸਹਿਮਤ ਹੋਣਾ।

33. The 'Doctrine of Lapse', an annexation policy in British India, is most closely associated with: / 'ਡਾਕਟ੍ਰਿਨ ਆਫ਼ ਲੈਪਸ' (Doctrine of Lapse), ਬ੍ਰਿਟਿਸ਼ ਭਾਰਤ ਵਿੱਚ ਇੱਕ ਕਬਜ਼ਾ ਨੀਤੀ, ਸਭ ਤੋਂ ਵੱਧ ਕਿਸ ਨਾਲ ਸੰਬੰਧਤ ਹੈ :

a) Lord Wellesley / ਲਾਰਡ ਵੈਲਸਲੀ
b) Lord Dalhousie / ਲਾਰਡ ਡਲਹੌਜ਼ੀ
c) Lord Cornwallis / ਲਾਰਡ ਕਾਰਨਵਾਲਿਸ
d) Lord Curzon / ਲਾਰਡ ਕਰਜ਼ਨ

34. The Ghadar Party, formed in 1913 at San Francisco largely by Punjabi emigrants, had as its founding president: / ਗਦਰ ਪਾਰਟੀ, ਜੋ 1913 ਵਿੱਚ ਸਾਨ ਫਰਾਂਸਿਸਕੋ ਵਿਖੇ ਮੁੱਖ ਤੌਰ 'ਤੇ ਪੰਜਾਬੀ ਪ੍ਰਵਾਸੀਆਂ ਦੁਆਰਾ ਬਣਾਈ ਗਈ, ਦੇ ਸੰਸਥਾਪਕ ਪ੍ਰਧਾਨ ਸਨ :

a) Lala Har Dayal / ਲਾਲਾ ਹਰਦਿਆਲ
b) Sohan Singh Bhakna / ਸੋਹਣ ਸਿੰਘ ਭਕਨਾ
c) Kartar Singh Sarabha / ਕਰਤਾਰ ਸਿੰਘ ਸਰਾਭਾ
d) Rash Behari Bose / ਰਾਸ ਬਿਹਾਰੀ ਬੋਸ

35. Legendary Indian hockey player Balbir Singh Senior holds a historic, unbroken individual Olympic record established during the 1952 Helsinki Olympic Games. What is this monumental milestone ?

a) He saved 15 consecutive penalty strokes in a single match without wearing standard goalkeeper protective gear.
b) He scored 5 goals in the men's hockey final against the Netherlands, the most goals ever scored by an individual in an Olympic men's hockey final.

Adda247
GET IT ON Google Play

c) He played an entire Olympic tournament across three editions without conceding a single foul or receiving a green card.
d) He served as the playing coach, referee, and chief tournament organizer simultaneously during the Melbourne Olympics.

1952 ਦੀਆਂ ਹੇਲਸਿੰਕੀ ਓਲੰਪਿਕ ਖੇਡਾਂ ਦੌਰਾਨ ਸਥਾਪਿਤ ਇੱਕ ਇਤਿਹਾਸਕ, ਅਣਟੁੱਟ ਵਿਅਕਤੀਗਤ ਓਲੰਪਿਕ ਰਿਕਾਰਡ ਮਹਾਨ ਭਾਰਤੀ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਦੇ ਨਾਮ ਦਰਜ ਹੈ। ਇਹ ਮਹਾਨ ਉਪਲਬਧੀ ਕਿਹੜੀ ਹੈ ?

a) ਉਨ੍ਹਾਂ ਨੇ ਗੋਲਕੀਪਰ ਦੇ ਮਿਆਰੀ ਸੁਰੱਖਿਆ ਉਪਕਰਨ ਪਹਿਨੇ ਬਿਨਾਂ ਇੱਕੋ ਮੈਚ ਵਿੱਚ ਲਗਾਤਾਰ 15 ਪੈਨਲਟੀ ਸਟ੍ਰੋਕ ਬਚਾਏ ਸਨ।
b) ਉਨ੍ਹਾਂ ਨੇ ਨੀਦਰਲੈਂਡ ਵਿਰੁੱਧ ਪੁਰਸ਼ਾਂ ਦੇ ਹਾਕੀ ਫਾਈਨਲ ਵਿੱਚ 5 ਗੋਲ ਕੀਤੇ ਸਨ, ਜੋ ਕਿ ਓਲੰਪਿਕ ਪੁਰਸ਼ ਹਾਕੀ ਫਾਈਨਲ ਵਿੱਚ ਕਿਸੇ ਇੱਕ ਖਿਡਾਰੀ ਦੁਆਰਾ ਕੀਤੇ ਗਏ ਸਭ ਤੋਂ ਵੱਧ ਗੋਲ ਹਨ।
c) ਉਨ੍ਹਾਂ ਨੇ ਬਿਨਾਂ ਕੋਈ ਫਾਊਲ ਕੀਤੇ ਜਾਂ ਬਿਨਾਂ ਕੋਈ ਗ੍ਰੀਨ ਕਾਰਡ ਪ੍ਰਾਪਤ ਕੀਤੇ ਤਿੰਨ ਓਲੰਪਿਕ ਐਡੀਸ਼ਨਾਂ ਵਿੱਚ ਪੂਰਾ ਓਲੰਪਿਕ ਟੂਰਨਾਮੈਂਟ ਖੇਡਿਆ ਸੀ।
d) ਮੈਲਬੋਰਨ ਓਲੰਪਿਕ ਦੌਰਾਨ ਉਨ੍ਹਾਂ ਨੇ ਇੱਕੋ ਸਮੇਂ ਖੇਡ ਕੋਚ, ਰੈਫਰੀ ਅਤੇ ਮੁੱਖ ਟੂਰਨਾਮੈਂਟ ਪ੍ਰਬੰਧਕ ਵਜੋਂ ਸੇਵਾਵਾਂ ਨਿਭਾਈਆਂ ਸਨ।

36. The term 'Grand Slam' in tennis refers to winning which four tournaments? / ਟੈਨਿਸ ਵਿੱਚ 'ਗ੍ਰੈਂਡ ਸਲੈਮ' ਸ਼ਬਦ ਕਿਹੜੇ ਚਾਰ ਟੂਰਨਾਮੈਂਟ ਜਿੱਤਣ ਨੂੰ ਦਰਸਾਉਂਦਾ ਹੈ ?

a) Australian Open, French Open, Wimbledon, US Open / ਆਸਟ੍ਰੇਲੀਅਨ ਓਪਨ, ਫ੍ਰੈਂਚ ਓਪਨ, ਵਿੰਬਲਡਨ, ਯੂ. ਐਸੱ ਓਪਨ
b) ATP Finals, Australian Open, Wimbledon, US Open/ ਏ.ਟੀ.ਪੀ. ਫਾਈਨਲਸ, ਆਸਟ੍ਰੇਲੀਅਨ ਓਪਨ, ਵਿੰਬਲਡਨ, ਯੂ. ਐਸੱ ਓਪਨ
c) French Open, Wimbledon, US Open, Davis Cup / ਫ੍ਰੈਂਚ ਓਪਨ, ਵਿੰਬਲਡਨ, ਯੂ. ਐਸੱ ਓਪਨ, ਡੇਵਿਸ ਕੱਪ
d) Australian Open, Wimbledon, US Open, Olympic gold/ਆਸਟ੍ਰੇਲੀਅਨ ਓਪਨ, ਵਿੰਬਲਡਨ, ਯੂ. ਐਸੱ ਓਪਨ, ਓਲੰਪਿਕ ਗੋਲਡ

37. Prominent Punjabi writer and poet Amrita Pritam won the prestigious Sahitya Akademi Award in 1956 for which of her highly acclaimed canonical works ? / ਪ੍ਰਸਿੱਧ ਪੰਜਾਬੀ ਲੇਖਿਕਾ ਅਤੇ ਕਵਿੱਤਰੀ ਅਮ੍ਰਿਤਾ ਪ੍ਰੀਤਮ ਨੇ 1956 ਵਿੱਚ ਆਪਣੀ ਕਿਸ ਬਹੁਤ ਹੀ ਪ੍ਰਸ਼ੰਸਿਤ ਅਤੇ ਪ੍ਰਮੁੱਖ ਰਚਨਾ ਲਈ ਵੱਕਾਰੀ 'ਸਾਹਿਤ ਅਕਾਦਮੀ ਪੁਰਸਕਾਰ' ਜਿੱਤਿਆ ਸੀ ?

a) Pinjar/ਪਿੰਜਰ b) Sunehade/ਸੁਨੇਹੜੇ c) Kagaz Te Kanvas/ਕਾਗ਼ਜ਼ ਤੇ ਕੈਨਵਸ d) Rasidi Ticket/ਰਸੀਦੀ ਟਿਕਟ

38. The 98th Academy Awards (2026) introduced a new competitive category for the first time since 2001. It was for: / 98ਵੇਂ ਅਕੈਡਮੀ ਅਵਾਰਡਸ (2026) ਨੇ 2001 ਤੋਂ ਬਾਅਦ ਪਹਿਲੀ ਵਾਰ ਇੱਕ ਨਵੀਂ ਮੁਕਾਬਲੇਬਾਜ਼ੀ ਸ਼੍ਰੇਣੀ ਸ਼ੁਰੂ ਕੀਤੀ। ਇਹ ਸੀ :

a) Best Stunt Design / ਬੈਸਟ ਸਟੰਟ ਡਿਜ਼ਾਈਨ
b) Best Casting / ਬੈਸਟ ਕਾਸਟਿੰਗ
c) Best Voice Performance / ਬੈਸਟ ਵਾਇਸ ਪਰਫਾਰਮੈਂਸ
d) Best Original Song in a Foreign Language / ਬੈਸਟ ਓਰਿਜਨਲ ਸੌਂਗ ਇਨ ਏ ਫਾਰੇਨ ਲੈਂਗੂਏਜ

39. In the geomorphology of the Punjab plains, the landmass lying between two converging rivers is locally classified as a Doab. Which two rivers precisely bound the Bari Doab ? / ਪੰਜਾਬ ਦੇ ਮੈਦਾਨਾਂ ਦੇ ਭੂ-ਵਿਗਿਆਨ (geomorphology) ਵਿੱਚ, ਦੋ ਆਪਸ ਵਿੱਚ ਮਿਲਦੇ ਦਰਿਆਵਾਂ ਦੇ ਵਿਚਕਾਰਲੇ ਜ਼ਮੀਨੀ ਹਿੱਸੇ ਨੂੰ ਸਥਾਨਕ ਤੌਰ 'ਤੇ 'ਦੋਆਬ' ਕਿਹਾ ਜਾਂਦਾ ਹੈ। ਕਿਹੜੇ ਦੋ ਦਰਿਆ 'ਬਾਰੀ ਦੋਆਬ' (Bari Doab) ਦੀ ਸਹੀ ਸੀਮਾ ਨਿਰਧਾਰਤ ਕਰਦੇ ਹਨ?

a) The Beas and the Sutlej / ਬਿਆਸ ਅਤੇ ਸਤਲੁਜ
b) The Chenab and the Jhelum/ ਚਨਾਬ ਅਤੇ ਜੇਹਲਮ
c) The Beas and the Ravi / ਬਿਆਸ ਅਤੇ ਰਾਵੀ
d) The Ravi and the Chenab / ਰਾਵੀ ਅਤੇ ਚਨਾਬ

40. The 'Tropic of Cancer' passes through how many Indian states ? / 'ਕਰਕ ਰੇਖਾ' (Tropic of Cancer) ਕਿੰਨੇ ਭਾਰਤੀ ਰਾਜਾਂ ਵਿੱਚੋਂ ਲੰਘਦੀ ਹੈ ?

a) Six / ਛੇ b) Seven / ਸੱਤ c) Eight / ਅੱਠ d) Nine / ਨੌਂ

41. The phenomenon of 'El Niño' is characterised by the abnormal warming of surface waters in the: / 'ਏਲ ਨੀਨੋ' (El Niño) ਵਰਤਾਰੇ ਦੀ ਵਿਸ਼ੇਸ਼ਤਾ ਕਿੱਥੇ ਸਤਹੀ ਪਾਣੀਆਂ ਦੇ ਅਸਧਾਰਨ ਗਰਮ ਹੋਣ ਨਾਲ ਹੁੰਦੀ ਹੈ :

a) North Atlantic Ocean / ਉੱਤਰੀ ਅੰਧ ਮਹਾਂਸਾਗਰ
b) Central and eastern equatorial Pacific Ocean / ਕੇਂਦਰੀ ਅਤੇ ਪੂਰਬੀ ਭੂ-ਮੱਧ ਰੇਖੀ ਪ੍ਰਸ਼ਾਂਤ ਮਹਾਂਸਾਗਰ
c) Indian Ocean / ਹਿੰਦ ਮਹਾਂਸਾਗਰ
d) Southern Ocean / ਦੱਖਣੀ ਮਹਾਂਸਾਗਰ

Adda247 GET IT ON Google Play

42. The 'Deccan Traps', a large igneous province in India, were formed primarily by: / 'ਦੱਖਣ ਟ੍ਰੈਪਸ' (Deccan Traps), ਭਾਰਤ ਵਿੱਚ ਇੱਕ ਵੱਡਾ ਅਗਨੀ (igneous) ਖੇਤਰ, ਮੁੱਖ ਤੌਰ 'ਤੇ ਕਿਵੇਂ ਬਣਿਆ :

a) Marine sedimentation /ਸਮੁੰਦਰੀ ਤਲਛਟੀਕਰਨ
b) Volcanic eruptions /ਜਵਾਲਾਮੁਖੀ ਫਟਣ
c) Glacial deposition / ਹਿਮਨਦੀ ਨਿਖੇਪਣ
d) Wind-blown loess accumulation / ਹਵਾ ਦੁਆਰਾ ਲੋਏਸ ਜਮ੍ਹਾਂ ਹੋਣਾ

43. ਹੇਠ ਲਿਖੇ ਕਥਨਾਂ ਦਾ ਅਧਿਐਨ ਕਰੋ:
ਕਥਨ (I) : ਭਾਵਵਾਚਕ ਨਾਂਵ ਅਜਿਹੇ ਗੁਣ, ਅਵਸਥਾ ਜਾਂ ਭਾਵ ਦਾ ਬੋਧ ਕਰਵਾਉਂਦੇ ਹਨ ਜਿਨ੍ਹਾਂ ਨੂੰ ਛੂਹਿਆ ਨਹੀਂ ਜਾ ਸਕਦਾ।
ਕਥਨ (II): 'ਮਿਠਾਸ', 'ਬਚਪਨ' ਅਤੇ 'ਇਮਾਨਦਾਰੀ' ਭਾਵਵਾਚਕ ਨਾਂਵ ਹਨ।

a) ਕੇਵਲ I ਸਹੀ ਹੈ। b) ਕੇਵਲ II ਸਹੀ ਹੈ। c) I ਅਤੇ II ਦੋਵੇਂ ਸਹੀ ਹਨ। d) I ਅਤੇ II ਦੋਵੇਂ ਗਲਤ ਹਨ।

44. ਬਣਤਰ ਦੇ ਪੱਖੋਂ ਪੰਜਾਬੀ ਪੜਨਾਂਵੀਂ ਸ਼ਬਦਾਂ ਨੂੰ ਵਿਚਾਰਦਿਆਂ ਹੇਠ ਲਿਖੀਆਂ ਵਿੱਚੋਂ ਕਿਹੜੀ ਸ਼੍ਰੇਣੀ ਦੇ ਪੜਨਾਂਵਾਂ ਦੇ ਆਪਸੀ ਸੰਜੋਗ ਨਾਲ ਬਣਦੀ ਹੈ, ਜਿਵੇਂ ਕਿ "ਮੇਰਾ+ਤੇਰਾ = ਮੇਰਾ ਤੇਰਾ" ਜਾਂ "ਸਭ+ਕੋਈ = ਸਭ ਕੋਈ" ?

a) ਮੂਲ ਪੜਨਾਂਵੀਂ ਸ਼ਬਦ b) ਮਿਸ਼ਰਿਤ ਪੜਨਾਂਵੀਂ ਸ਼ਬਦ c) ਸਮਾਸੀ ਪੜਨਾਂਵੀਂ ਸ਼ਬਦ d) ਸਧਾਰਨ ਪੜਨਾਂਵੀਂ ਸ਼ਬਦ

45. ਹੇਠ ਲਿਖੇ ਦੋ ਕਥਨਾਂ 'ਤੇ ਵਿਚਾਰ ਕਰੋ:
ਕਥਨ I: ਜੇਕਰ "ਆਪ" ਦੂਜੇ ਪੁਰਖ ਲਈ ਵਰਤਿਆ ਜਾਵੇ, ਤਾਂ ਇਹ ਪੁਰਖਵਾਚੀ ਪੜਨਾਂਵ ਬਣ ਜਾਂਦਾ ਹੈ। ਕਥਨ II: "ਆਪ" ਆਦਰਸੂਚਕ ਵਜੋਂ ਵਰਤੇ ਜਾਣ 'ਤੇ ਵੀ ਇਸ ਨਾਲ ਕਿਰਿਆ ਇੱਕਵਚਨੀ ਰੂਪ ਵਿੱਚ ਹੀ ਵਿਚਰਦੀ ਹੈ।
ਉਪਰੋਕਤ ਵਿੱਚੋਂ ਕਿਹੜਾ/ਕਿਹੜੇ ਕਥਨ ਸਹੀ ਹਨ ?

a) ਸਿਰਫ਼ ਕਥਨ I ਸਹੀ ਹੈ b) ਸਿਰਫ਼ ਕਥਨ II ਸਹੀ ਹੈ c) ਦੋਵੇਂ ਕਥਨ ਸਹੀ ਹਨ d) ਦੋਵੇਂ ਕਥਨ ਗ਼ਲਤ ਹਨ

46. ਹੇਠ ਲਿਖੇ ਸ਼ਬਦਾਂ ਵਿੱਚੋਂ ਉਹ ਸ਼ਬਦ ਚੁਣੋ ਜੋ ਦਿੱਤੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ :
ਸ਼ਰਤ 1: ਸ਼ਬਦ ਵਿੱਚ ਸੰਸਕ੍ਰਿਤ ਮੂਲ ਦਾ ਅਗੇਤਰ ਹੋਵੇ।
ਸ਼ਰਤ 2: ਪਿਛੇਤਰ ਭਾਵਵਾਚਕ ਨਾਂਵ ਬਣਾਉਂਦਾ ਹੋਵੇ।
ਸ਼ਰਤ 3: ਮੂਲ ਸ਼ਬਦ ਵਿਸ਼ੇਸ਼ਣ ਹੋਵੇ।

a) ਦਰਖ਼ਾਸਤ b) ਦੁਰਾਚਾਰੀ c) ਅਸ਼ੁੱਧਤਾ d) ਸਹਿਯੋਗ

47. ਹੇਠ ਲਿਖੇ ਕਥਨਾਂ 'ਤੇ ਵਿਚਾਰ ਕਰੋ :
ਕਿਹੜਾ ਬਦਲ ਸਹੀ ਹੈ ?
I. "ਦਰਿਆ" ਅਤੇ "ਨਦੀ" ਦੋਵੇਂ ਸਮਾਨਾਰਥਕ ਹਨ, ਪਰ "ਦਰਿਆ" ਫ਼ਾਰਸੀ ਮੂਲ ਦਾ ਹੈ ਜਦਕਿ "ਨਦੀ" ਸੰਸਕ੍ਰਿਤ ਮੂਲ ਦਾ ਹੈ।
II. "ਸਰਿਤਾ" ਅਤੇ "ਤਟਿਨੀ" ਵੀ "ਨਦੀ" ਦੇ ਫ਼ਾਰਸੀ-ਮੂਲਕ ਸਮਾਨਾਰਥਕ ਸ਼ਬਦ ਹਨ।
ਵਿਕਲਪ :

a) ਕੇਵਲ I ਸਹੀ ਹੈ b) ਕੇਵਲ II ਸਹੀ ਹੈ c) ਦੋਵੇਂ ਸਹੀ ਹਨ d) ਦੋਵੇਂ ਗ਼ਲਤ ਹਨ

48. "ਸੰਜੋਗ" ਦਾ ਵਿਪਰੀਤਾਰਥਕ ਸ਼ਬਦ ਕਿਹੜਾ ਹੈ ?

a) ਮਿਲਾਪ b) ਵਿਜੋਗ c) ਸੁਮੇਲ d) ਏਕਤਾ

49. "ਜੋ ਕਿਹਾ ਨਾ ਜਾ ਸਕੇ" ਲਈ ਸਹੀ ਇੱਕ-ਸ਼ਬਦ ਚੁਣੋ :

a) ਅਕਹਿ b) ਸ਼ਾਂਤ c) ਗੂੰਗਾ d) ਚੁੱਪ

50. ਹੇਠ ਲਿਖੇ ਮੁਹਾਵਰਿਆਂ ਬਾਰੇ ਕਿਹੜਾ ਕਥਨ ਸਹੀ ਹੈ ?
ਮੁਹਾਵਰਾ I: ਲੱਕ ਟੁੱਟਣਾ
ਮੁਹਾਵਰਾ II: ਲੱਕ ਬੰਨ੍ਹ ਕੇ ਪੈਣਾ

a) ਦੋਵੇਂ ਇੱਕੋ ਅਰਥ ਦਿੰਦੇ ਹਨ।
b) ਪਹਿਲਾ ਬਹੁਤ ਥੱਕ ਜਾਣਾ ਦਰਸਾਉਂਦਾ ਹੈ, ਜਦਕਿ ਦੂਜਾ ਪੂਰੇ ਜ਼ੋਰ ਨਾਲ ਕਿਸੇ ਕੰਮ ਵਿੱਚ ਜੁੱਟ ਜਾਣਾ ਦਰਸਾਉਂਦਾ ਹੈ।
c) ਦੋਵੇਂ ਸਿਰਫ਼ ਸਰੀਰਕ ਸੱਟ ਲੱਗਣ ਦੀ ਸਥਿਤੀ ਵਿੱਚ ਵਰਤੇ ਜਾਂਦੇ ਹਨ।
d) ਦੋਵੇਂ ਗ਼ੈਰ-ਮਿਆਰੀ ਮੁਹਾਵਰੇ ਹਨ।

51. ਹੇਠ ਲਿਖੇ ਅਖਾਣਾਂ ਵਿੱਚੋਂ ਕਿਹੜਾ "ਸਮੇਂ ਸਿਰ ਕੰਮ ਨਾ ਕਰਨ" ਦੇ ਅਰਥ ਵਿੱਚ ਵਰਤਿਆ ਜਾਂਦਾ ਹੈ?

a) ਘਰ ਦੀ ਮੁਰਗੀ ਦਾਲ ਬਰਾਬਰ b) ਅੱਗ ਲੱਗੇ ਤੇ ਖੂਹ ਪੁੱਟਣਾ c) ਇੱਕ ਅਨਾਰ ਸੌ ਬਿਮਾਰ d) ਦੁੱਧ ਦਾ ਦੁੱਧ ਪਾਣੀ ਦਾ ਪਾਣੀ

52. Despite the heavy rain, the farmers continued working in the fields. / ਉਪਰ ਦਿੱਤੇ ਵਾਕ ਦਾ ਹੇਠਾਂ ਦਿੱਤੇ ਵਿਕਲਪਾਂ ਵਿਚੋਂ ਸਹੀ ਪੰਜਾਬੀ ਅਨੁਵਾਦ ਚੁਣੋ :

a) ਭਾਰੀ ਬਾਰਿਸ਼ ਦੇ ਬਾਵਜੂਦ, ਕਿਸਾਨ ਖੇਤਾਂ ਵਿੱਚ ਕੰਮ ਕਰਦੇ ਰਹੇ।
b) ਭਾਰੀ ਬਾਰਿਸ਼ ਹੋਣ ਕਰਕੇ, ਕਿਸਾਨਾਂ ਨੇ ਖੇਤਾਂ ਵਿੱਚ ਕੰਮ ਕਰਨਾ ਬੰਦ ਕੀਤਾ।
c) ਭਾਰੀ ਬਾਰਿਸ਼ ਤੋਂ ਪਹਿਲਾਂ, ਕਿਸਾਨ ਖੇਤਾਂ ਵਿੱਚ ਕੰਮ ਕਰਦੇ ਰਹੇ।
d) ਹਲਕੀ ਬਾਰਿਸ਼ ਦੇ ਬਾਵਜੂਦ, ਕਿਸਾਨਾਂ ਨੇ ਖੇਤ ਛੱਡ ਦਿੱਤੇ।

Adda247

GET IT ON Google Play

53. "ਬੱਚੇ ਪੜ੍ਹ ਰਹੇ ਹਨ" ਵਾਕ ਵਿੱਚ "ਪੜ੍ਹ" ਕਿਹੜੀ ਕਿਰਿਆ ਦੀ ਉਦਾਹਰਣ ਹੈ ?
a) ਸੰਚਾਲਕ ਕਿਰਿਆ b) ਮੁਖ ਕਿਰਿਆ c) ਸਹਾਇਕ ਕਿਰਿਆ d) ਜੋੜੂ ਕਿਰਿਆ

54. ਪੰਜਾਬੀ ਵਿੱਚ ਪੜਨਾਂਵ ਸ਼ਬਦਾਂ ਵਿੱਚ ਲਿੰਗ ਭੇਦ _____, ਪਰ ਇਹ _____ ਦੇ ਲਿੰਗ ਅਨੁਸਾਰ ਕਿਰਿਆ ਉੱਤੇ ਨਿਸ਼ਾਨਦੇਹ (ਮਾਰਕ) ਹੁੰਦਾ ਹੈ।
a) ਮਿਲਦਾ ਹੈ; ਕਰਮ b) ਨਹੀਂ ਮਿਲਦਾ; ਕਰਤਾ c) ਮਿਲਦਾ ਹੈ; ਕਰਤਾ d) ਨਹੀਂ ਮਿਲਦਾ; ਕਰਮ

55. ਵਿਸ਼ੇਸ਼ਣ "ਚੰਗਾ" ਦੇ ਚਾਰ ਰੂਪਾਂ, "ਚੰਗਾ, ਚੰਗੇ, ਚੰਗੀ, ਚੰਗੀਆਂ", ਵਿੱਚੋਂ ਕਿਹੜਾ ਰੂਪ ਇਸਤਰੀ ਲਿੰਗ ਅੰਤੇ ਬਹੁਵਚਨ ਦੋਹਾਂ ਨੂੰ ਇਕੱਠਿਆਂ ਦਰਸਾਉਂਦਾ ਹੈ ?
a) ਚੰਗਾ b) ਚੰਗੇ c) ਚੰਗੀ d) ਚੰਗੀਆਂ

56. Neither the teacher nor the students _____ present at the meeting yesterday.
a) was b) were c) is d) are

57. She sang the difficult aria _____ than anyone else in the choir.
a) more beautifully b) beautifuler c) most beautiful d) more beautiful

58. Choose the word that is closest in meaning to "Mitigate":
a) Aggravate b) Alleviate c) Incite d) Intensify

59. A person who is indifferent to pleasure or pain is called a/an :
a) Epicure b) Stoic c) Altruist d) Recluse

60. The manager was so impressed by her performance that he decided to _____ her proposal immediately.
a) adapt b) adopt c) adept d) elapsed

61. Identify the grammatically correct sentence from the options below :
a) He behaves as if he knows everything.
b) Scarcely had I reached the station than the train left.
c) She is senior than me in service.
d) No sooner did I reach the station than the train left.

62. What is the meaning of the idiom "Spill the beans" ?
a) To reveal a secret prematurely
b) To drop food accidentally
c) To make a mess
d) To perform a clumsy act

63. Choose the correctly spelled word :
a) Liaison b) Liason c) Liasion d) Liazon

64. He is _____ honorable man who always stands by his word.
a) a b) an c) the d) no article needed

65. The final decision abstains _____ any political influence.
a) from b) of c) with d) by

66. Change the following into indirect speech :
He said to me, "Where are you going?"
a) He asked me where I was going.
b) He told me where was I going.
c) He asked me where am I going.
d) He inquired me where I went.

67. Change the following sentence into passive voice :
The chef prepared a delicious meal.
a) A delicious meal is prepared by the chef.
b) A delicious meal was prepared by the chef.
c) A delicious meal had been prepared by the chef.
d) A delicious meal was being prepared by the chef.

68. Which type of memory must be refreshed periodically to retain its data? / ਕਿਹੜੀ ਕਿਸਮ ਦੀ ਮੇਮੋਰੀ ਨੂੰ ਆਪਣਾ ਡਾਟਾ ਬਰਕਰਾਰ ਰੱਖਣ ਲਈ ਸਮੇਂ-ਸਮੇਂ 'ਤੇ ਰਿਫਰੈਸ਼ ਕਰਨਾ ਪੈਂਦਾ ਹੈ ?
a) SRAM b) DRAM c) EEPROM d) Flash

69. In the URL https://www.example.org/index.html, the part 'https' denotes the: / URL https://www.example.org/index.html ਵਿੱਚ, 'https' ਭਾਗ ਕੀ ਦਰਸਾਉਂਦਾ ਹੈ :
a) Domain name / ਡੋਮੇਨ ਨਾਮ
b) Protocol / ਪ੍ਰੋਟੋਕੋਲ
c) Top-level domain / ਟਾਪ-ਲੈਵਲ ਡੋਮੇਨ
d) File path / ਫਾਈਲ ਪਾਥ

70. Which device is used to connect two networks that use entirely different protocol architectures ? / ਪੂਰੀ ਤਰ੍ਹਾਂ ਵੱਖਰੇ ਪ੍ਰੋਟੋਕੋਲ ਆਰਕੀਟੈਕਚਰ ਵਰਤਣ ਵਾਲੇ ਦੋ ਨੈੱਟਵਰਕਾਂ ਨੂੰ ਜੋੜਨ ਲਈ ਕਿਹੜਾ ਯੰਤਰ ਵਰਤਿਆ ਜਾਂਦਾ ਹੈ ?
a) Repeater / ਰੀਪੀਟਰ b) Hub / ਹੱਬ c) Switch / ਸਵਿੱਚ d) Gateway / ਗੇਟਵੇ

71. In MS Word, the keyboard shortcut to centre-align the selected paragraph is: / MS ਵਰਡ ਵਿੱਚ, ਚੁਣੇ ਹੋਏ ਪੈਰਾਗ੍ਰਾਫ ਨੂੰ ਸੈਂਟਰ-ਅਲਾਈਨ ਕਰਨ ਦਾ ਕੀ-ਬੋਰਡ ਸ਼ਾਰਟਕੱਟ ਹੈ :
a) Ctrl+C b) Ctrl+E c) Ctrl+M d) Ctrl+J

Adda247

GET IT ON Google Play

72. In MS Word, pressing Ctrl+] on selected text: / MS ਵਰਡ ਵਿੱਚ, ਚੁਣੇ ਹੋਏ ਟੈਕਸਟ 'ਤੇ Ctrl+] ਦਬਾਉਣ ਨਾਲ:
a) Increases font size by one point / ਫੌਂਟ ਸਾਈਜ਼ ਇੱਕ ਪੁਆਇੰਟ ਵਧਾਉਂਦਾ ਹੈ
b) Applies subscript / ਸਬਸਕ੍ਰਿਪਟ ਲਾਗੂ ਕਰਦਾ ਹੈ
c) Indents the paragraph / ਪੈਰਾਗ੍ਰਾਫ ਨੂੰ ਇੰਡੈਂਟ ਕਰਦਾ ਹੈ
d) Inserts a bracket / ਬਰੈਕਟ ਸ਼ਾਮਲ ਕਰਦਾ ਹੈ

73. In MS Excel, the formula =MOD(-7,3) returns: / MS ਐਕਸਲ ਵਿੱਚ, ਫਾਰਮੂਲਾ =MOD(-7,3) ਦਾ ਨਤੀਜਾ ਹੈ:
a) −1 b) −2 c) 1 d) 2

74. Cells A1:A4 contain 5, "abc", a blank cell and 7 respectively. The value of =COUNT(A1:A4) is: / ਸੈੱਲ A1:A4 ਵਿੱਚ ਕ੍ਰਮਵਾਰ 5, "abc", ਇੱਕ ਖਾਲੀ ਸੈੱਲ ਅਤੇ 7 ਹਨ। =COUNT(A1:A4) ਦਾ ਮੁੱਲ ਹੈ :
a) 2 b) 3 c) 4 d) 1

75. Which PowerPoint file extension opens directly in slide-show mode when double-clicked ? / ਡਬਲ-ਕਲਿੱਕ ਕਰਨ 'ਤੇ ਕਿਹੜਾ ਪਾਵਰਪੁਆਇੰਟ ਫਾਈਲ ਐਕਸਟੈਂਸ਼ਨ ਸਿੱਧਾ ਸਲਾਈਡ-ਸ਼ੋਅ ਮੋਡ ਵਿੱਚ ਖੁੱਲ੍ਹਦਾ ਹੈ ?
a) .pptx b) .potx c) .ppsx d) .thmx

76. Statements: All philosophers are thinkers. Some thinkers are writers. No writer is a poet. ਕਥਨ: ਸਾਰੇ ਦਾਰਸ਼ਨਿਕ ਚਿੰਤਕ ਹਨ। ਕੁਝ ਚਿੰਤਕ ਲੇਖਕ ਹਨ। ਕੋਈ ਵੀ ਲੇਖਕ ਕਵੀ ਨਹੀਂ ਹੈ।
*Conclusions / ਸਿੱਟੇ:* I. Some thinkers are not poets. II. Some philosophers are writers. I. ਕੁਝ ਚਿੰਤਕ ਕਵੀ ਨਹੀਂ ਹਨ। II. ਕੁਝ ਦਾਰਸ਼ਨਿਕ ਲੇਖਕ ਹਨ।
a) Only conclusion I follows / ਕੇਵਲ ਸਿੱਟਾ I ਸਹੀ ਹੈ
b) Only conclusion II follows / ਕੇਵਲ ਸਿੱਟਾ II ਸਹੀ ਹੈ
c) Both I and II follow / ਦੋਵੇਂ I ਅਤੇ II ਸਹੀ ਹਨ
d) Neither I nor II follows / ਨਾ I ਅਤੇ ਨਾ II ਸਹੀ ਹੈ

77. Find the next term of the series: 3, 7, 16, 35, 74, ? ਲੜੀ ਦਾ ਅਗਲਾ ਪਦ ਲੱਭੋ: 3, 7, 16, 35, 74, ?
a) 148 b) 149 c) 153 d) 157

78. Six persons P, Q, R, S, T and U sit in a straight row facing North. S sits third to the right of P. Neither P nor S sits at an extreme end. Q sits to the immediate left of S. T is not an immediate neighbour of P. R sits to the left of U. Who sits exactly between P and Q? / ਛੇ ਵਿਅਕਤੀ P, Q, R, S, T ਅਤੇ U ਉੱਤਰ ਵੱਲ ਮੂੰਹ ਕਰਕੇ ਇੱਕ ਸਿੱਧੀ ਕਤਾਰ ਵਿੱਚ ਬੈਠੇ ਹਨ। S, P ਦੇ ਸੱਜੇ ਪਾਸੇ ਤੀਜੇ ਨੰਬਰ 'ਤੇ ਬੈਠਾ ਹੈ। ਨਾ ਤਾਂ P ਅਤੇ ਨਾ ਹੀ S ਕਿਸੇ ਸਿਰੇ 'ਤੇ ਬੈਠਾ ਹੈ। Q, S ਦੇ ਬਿਲਕੁਲ ਖੱਬੇ ਪਾਸੇ ਬੈਠਾ ਹੈ। T, P ਦਾ ਤੁਰੰਤ ਗੁਆਂਢੀ ਨਹੀਂ ਹੈ। R, U ਦੇ ਖੱਬੇ ਪਾਸੇ ਬੈਠਾ ਹੈ। P ਅਤੇ Q ਦੇ ਬਿਲਕੁਲ ਵਿਚਕਾਰ ਕੌਣ ਬੈਠਾ ਹੈ ?
a) R b) T c) U d) S

79. In a college of 120 students, 65 play cricket, 45 play hockey and 42 play football; 20 play both cricket and hockey, 25 play both cricket and football, 15 play both hockey and football, and 8 play all three games. How many students play none of the three games ? / 120 ਵਿਦਿਆਰਥੀਆਂ ਵਾਲੇ ਇੱਕ ਕਾਲਜ ਵਿੱਚ, 65 ਕ੍ਰਿਕਟ, 45 ਹਾਕੀ ਅਤੇ 42 ਫੁੱਟਬਾਲ ਖੇਡਦੇ ਹਨ; 20 ਕ੍ਰਿਕਟ ਅਤੇ ਹਾਕੀ ਦੋਵੇਂ, 25 ਕ੍ਰਿਕਟ ਅਤੇ ਫੁੱਟਬਾਲ ਦੋਵੇਂ, 15 ਹਾਕੀ ਅਤੇ ਫੁੱਟਬਾਲ ਦੋਵੇਂ ਖੇਡਦੇ ਹਨ, ਅਤੇ 8 ਤਿੰਨੋਂ ਖੇਡਾਂ ਖੇਡਦੇ ਹਨ। ਕਿੰਨੇ ਵਿਦਿਆਰਥੀ ਇਹਨਾਂ ਵਿੱਚੋਂ ਕੋਈ ਵੀ ਖੇਡ ਨਹੀਂ ਖੇਡਦੇ ?
a) 12 b) 15 c) 20 d) 25

80. In triangle ABC, the three medians AD, BE and CF are drawn, intersecting at the centroid G. What is the total number of triangles in the resulting figure ? / ਤ੍ਰਿਭੁਜ ABC ਵਿੱਚ, ਤਿੰਨੇ ਮੱਧਮਾਨ (medians) AD, BE ਅਤੇ CF ਖਿੱਚੇ ਜਾਂਦੇ ਹਨ, ਜੋ ਸੈਂਟਰੌਇਡ G 'ਤੇ ਕੱਟਦੇ ਹਨ। ਪਰਿਣਾਮ ਸਰੂਪ ਬਣੇ ਚਿੱਤਰ ਵਿੱਚ ਕੁੱਲ ਕਿੰਨੇ ਤ੍ਰਿਭੁਜ ਹਨ ?
a) 12 b) 14 c) 16 d) 18

81. A man facing West turns 45° clockwise, then 180° clockwise, and finally 270° anticlockwise. Which direction is he facing now ? / ਪੱਛਮ ਵੱਲ ਮੂੰਹ ਕਰਕੇ ਖੜ੍ਹਾ ਇੱਕ ਆਦਮੀ 45° ਘੜੀ ਦੀ ਦਿਸ਼ਾ ਵਿੱਚ, ਫਿਰ 180° ਘੜੀ ਦੀ ਦਿਸ਼ਾ ਵਿੱਚ, ਅਤੇ ਅੰਤ ਵਿੱਚ 270° ਘੜੀ ਦੇ ਉਲਟ ਦਿਸ਼ਾ ਵਿੱਚ ਮੁੜਦਾ ਹੈ। ਹੁਣ ਉਸਦਾ ਮੂੰਹ ਕਿਸ ਦਿਸ਼ਾ ਵੱਲ ਹੈ ?
a) North-East/ਉੱਤਰ-ਪੂਰਬ b) South-West/ਦੱਖਣ-ਪੱਛਮ c) North-West/ਉੱਤਰ-ਪੱਛਮ d) South-East/ਦੱਖਣ-ਪੂਰਬ

82. A frog at the bottom of a 30-metre well climbs 3 metres during the day and slips down 2 metres every night. On which day does it come out of the well ? / 30-ਮੀਟਰ ਡੂੰਘੇ ਖੂਹ ਦੇ ਤਲ 'ਤੇ ਇੱਕ ਡੱਡੂ ਦਿਨ ਵਿੱਚ 3 ਮੀਟਰ ਚੜ੍ਹਦਾ ਹੈ ਅਤੇ ਹਰ ਰਾਤ 2 ਮੀਟਰ ਹੇਠਾਂ ਖਿਸਕ ਜਾਂਦਾ ਹੈ। ਇਹ ਕਿਹੜੇ ਦਿਨ ਖੂਹ ਵਿੱਚੋਂ ਬਾਹਰ ਆਵੇਗਾ ?
a) 27th day / 27ਵੇਂ ਦਿਨ b) 28th day / 28ਵੇਂ ਦਿਨ c) 29th day / 29ਵੇਂ ਦਿਨ d) 30th day / 30ਵੇਂ ਦਿਨ

83. On an island, every inhabitant is either a truth-teller (always speaks the truth) or a liar (always lies). A says: "Both of us are liars." What are A and B ? / ਇੱਕ ਟਾਪੂ 'ਤੇ, ਹਰੇਕ ਵਸਨੀਕ ਜਾਂ ਤਾਂ ਸੱਚ ਬੋਲਣ ਵਾਲਾ (ਹਮੇਸ਼ਾ ਸੱਚ ਬੋਲਦਾ ਹੈ) ਜਾਂ ਝੂਠਾ (ਹਮੇਸ਼ਾ ਝੂਠ ਬੋਲਦਾ ਹੈ) ਹੈ। A ਕਹਿੰਦਾ ਹੈ: "ਅਸੀਂ ਦੋਵੇਂ ਝੂਠੇ ਹਾਂ।" A ਅਤੇ B ਕੀ ਹਨ ?

Adda247

GET IT ON Google Play

a) A is a truth-teller, B is a liar / A ਸੱਚਾ ਹੈ, B ਝੂਠਾ ਹੈ

b) A is a liar, B is a truth-teller / A ਝੂਠਾ ਹੈ, B ਸੱਚਾ ਹੈ

c) Both are liars / ਦੋਵੇਂ ਝੂਠੇ ਹਨ

d) Both are truth-tellers / ਦੋਵੇਂ ਸੱਚੇ ਹਨ

84. If CENTRE is coded as BFMUQF, then SYSTEM is coded as: / ਜੇ CENTRE ਨੂੰ BFMUQF ਕੋਡ ਕੀਤਾ ਜਾਂਦਾ ਹੈ, ਤਾਂ SYSTEM ਨੂੰ ਕਿਵੇਂ ਕੋਡ ਕੀਤਾ ਜਾਵੇਗਾ :

a) RZRUDN b) TZTUFN c) RZRUFL d) TXTSDL

85. 'P % Q' means P is the husband of Q; 'P & Q' means P is the daughter of Q; 'P @ Q' means P is the father of Q. In P % Q & R @ S, how is P related to S ? / 'P % Q' ਦਾ ਅਰਥ ਹੈ P, Q ਦਾ ਪਤੀ ਹੈ; 'P & Q' ਦਾ ਅਰਥ ਹੈ P, Q ਦੀ ਧੀ ਹੈ; 'P @ Q' ਦਾ ਅਰਥ ਹੈ P, Q ਦਾ ਪਿਤਾ ਹੈ। P % Q & R @ S ਵਿੱਚ, P ਦਾ S ਨਾਲ ਕੀ ਰਿਸ਼ਤਾ ਹੈ ?

a) Brother / ਭਰਾ b) Brother-in-law / ਜੀਜਾ c) Uncle / ਚਾਚਾ d) Son-in-law / ਜਵਾਈ

86. A cube net shows faces 1, 2, 3, 4 in a horizontal row, with face 5 directly above face 2 and face 6 directly below face 2. When folded, the face opposite face 2 is: / ਇੱਕ ਘਣ ਦੇ ਨੈੱਟ ਵਿੱਚ ਖਿਤਿਜੀ ਕਤਾਰ ਵਿੱਚ 1, 2, 3, 4 ਪਾਸੇ ਹਨ, ਪਾਸਾ 5 ਪਾਸੇ 2 ਦੇ ਬਿਲਕੁਲ ਉੱਪਰ ਅਤੇ ਪਾਸਾ 6 ਬਿਲਕੁਲ ਹੇਠਾਂ ਹੈ। ਜਦੋਂ ਮੋੜਿਆ ਜਾਵੇ, ਤਾਂ ਪਾਸੇ 2 ਦੇ ਸਾਹਮਣੇ ਵਾਲਾ ਪਾਸਾ ਹੈ :

a) 3 b) 4 c) 5 d) 6

87. Find the odd one out: 121, 484, 900, 1331, 2025 / ਬੇਮੇਲ ਲੱਭੋ: 121, 484, 900, 1331, 2025

a) 484 b) 900 c) 1331 d) 2025

88. In each row the third number is obtained from the first two by the same rule. Identify the missing number : (7, 4, 33), (9, 5, 56), (11, 6, ?). / ਹਰੇਕ ਕਤਾਰ ਵਿੱਚ ਤੀਜੀ ਸੰਖਿਆ ਪਹਿਲੀਆਂ ਦੋ ਤੋਂ ਇੱਕੋ ਨਿਯਮ ਨਾਲ ਬਣਦੀ ਹੈ. ਲੁਪਤ ਅੰਕ ਦੀ ਪਛਾਣ ਕਰੋ (7, 4, 33), (9, 5, 56), (11, 6, ?)

a) 77 b) 85 c) 96 d) 102

89. "Passing the screening test is necessary but not sufficient for selection." Which of the following must be true? "ਚੋਣ ਲਈ ਸਕ੍ਰੀਨਿੰਗ ਟੈਸਟ ਪਾਸ ਕਰਨਾ ਜ਼ਰੂਰੀ ਹੈ ਪਰ ਕਾਫ਼ੀ ਨਹੀਂ।" ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੋਣਾ ਚਾਹੀਦਾ ਹੈ ?

a) Everyone who passes the test is selected / ਟੈਸਟ ਪਾਸ ਕਰਨ ਵਾਲਾ ਹਰ ਕੋਈ ਚੁਣਿਆ ਜਾਂਦਾ ਹੈ

b) No one is selected without passing the test / ਟੈਸਟ ਪਾਸ ਕੀਤੇ ਬਿਨਾਂ ਕੋਈ ਨਹੀਂ ਚੁਣਿਆ ਜਾਂਦਾ

c) Some candidates are selected without passing the test / ਕੁਝ ਉਮੀਦਵਾਰ ਟੈਸਟ ਪਾਸ ਕੀਤੇ ਬਿਨਾਂ ਚੁਣੇ ਜਾਂਦੇ ਹਨ

d) Everyone who fails the test may still be selected / ਟੈਸਟ ਫੇਲ੍ਹ ਕਰਨ ਵਾਲਾ ਹਰ ਕੋਈ ਫਿਰ ਵੀ ਚੁਣਿਆ ਜਾ ਸਕਦਾ ਹੈ

90. Which one best represents the relationship among Furniture, Chairs and Tables? ਫਰਨੀਚਰ, ਕੁਰਸੀਆਂ ਅਤੇ ਮੇਜ਼ਾਂ ਵਿਚਕਾਰ ਸੰਬੰਧ ਨੂੰ ਸਭ ਤੋਂ ਵਧੀਆ ਕੌਣ ਦਰਸਾਉਂਦਾ ਹੈ ?

a) Three intersecting circles / ਤਿੰਨ ਪਰਸਪਰ ਕੱਟਦੇ ਚੱਕਰ

b) Two disjoint circles inside a larger circle / ਇੱਕ ਵੱਡੇ ਚੱਕਰ ਅੰਦਰ ਦੋ ਵੱਖਰੇ ਚੱਕਰ

c) Three concentric circles / ਤਿੰਨ ਸਮਕੇਂਦਰੀ ਚੱਕਰ

d) Two intersecting circles inside a larger circle / ਇੱਕ ਵੱਡੇ ਚੱਕਰ ਅੰਦਰ ਦੋ ਪਰਸਪਰ ਕੱਟਦੇ ਚੱਕਰ

91. In the sequence a, b, b, c, c, c, d, d, d, d, ... (the k-th letter of the alphabet appears k times), the 25th term is: / ਲੜੀ a, b, b, c, c, c, d, d, d, d, ... (ਵਰਣਮਾਲਾ ਦਾ k-ਵਾਂ ਅੱਖਰ k ਵਾਰ ਆਉਂਦਾ ਹੈ) ਵਿੱਚ, 25ਵਾਂ ਪਦ ਹੈ :

a) f b) g c) h d) i

92. What is the minimum number of students in a class that guarantees at least two of them were born in the same month ? / ਇੱਕ ਕਲਾਸ ਵਿੱਚ ਘੱਟੋ-ਘੱਟ ਕਿੰਨੇ ਵਿਦਿਆਰਥੀ ਹੋਣੇ ਚਾਹੀਦੇ ਹਨ ਤਾਂ ਜੋ ਇਹ ਯਕੀਨੀ ਹੋਵੇ ਕਿ ਘੱਟੋ-ਘੱਟ ਦੋ ਦਾ ਜਨਮ ਇੱਕੋ ਮਹੀਨੇ ਹੋਇਆ ਹੋਵੇ ?

a) 12 b) 13 c) 24 d) 25

93. A number is increased by 10%, then by 20%, and then decreased by 25%. The net change is: / ਇੱਕ ਸੰਖਿਆ ਨੂੰ 10% ਵਧਾਇਆ ਜਾਂਦਾ ਹੈ, ਫਿਰ 20% ਵਧਾਇਆ ਜਾਂਦਾ ਹੈ, ਅਤੇ ਫਿਰ 25% ਘਟਾਇਆ ਜਾਂਦਾ ਹੈ। ਸ਼ੁੱਧ ਬਦਲਾਅ ਹੈ :

a) No change/ਕੋਈ ਬਦਲਾਅ ਨਹੀਂ b) 1% increase/1% ਵਾਧਾ c) 1% decrease/1% ਕਮੀ d) 5% decrease/5% ਕਮੀ

94. Which of the following is the greatest: $(2)^{1/2}$, $(3)^{1/3}$, $(5)^{1/4}$ ? / ਹੇਠ ਲਿਖਿਆਂ ਵਿੱਚੋਂ ਸਭ ਤੋਂ ਵੱਡਾ ਕਿਹੜਾ ਹੈ: $(2)^{1/2}$, $(3)^{1/3}$, $(5)^{1/4}$ ?

a) $(2)^{1/2}$ b) $(3)^{1/3}$ c) $(5)^{1/4}$ d) All are equal / ਸਾਰੇ ਬਰਾਬਰ ਹਨ

Test Prime
By Adda247

# PREVIOUS YEAR PAPERS PDF

PRACTICE MORE, SCORE HIGHER!

Free 25,000+ PDF's

High-Quality | Exam-Wise | Updated Regularly

ATTEMPT AS MOCK

Turn PDFs into real exam experience.
Analyze. Improve. Succeed.

Previous Year Papers PDF
Search
Banking | JAIIB & CAIIB | SSC | Railways

April 2026
11th Apr (Shift: 1)
HINDI
RBI Assistant Pre 2026 Mem...
100 Ques 60 Mins
DOWNLOAD ATTEMPT NOW

11th Apr (Shift: 1)
ENGLISH
RBI Assistant Pre 2026 Mem...
100 Ques 60 Mins
DOWNLOAD ATTEMPT NOW

11th Apr (Shift: 2)
HINDI
RBI Assistant Pre 2026 Mem...
100 Ques 60 Mins
DOWNLOAD ATTEMPT NOW

11th Apr (Shift: 2)
ENGLISH
RBI Assistant Pre 2026 Mem...
100 Ques 60 Mins
DOWNLOAD ATTEMPT NOW

February 2026
22nd Feb (Shift: 1)
ENGLISH
BOB Office Assistant MBT (...

Topic-wise & Exam-wise PDFs
Download & Study Offline
Attempt as Mock & Track Score
Smart Analysis & Performance

AVAILABLE IN

Banking | SSC | Railway | Teaching | UGC | Agriculture | Nursing

Bihar | UP | Punjab | WB | Odisha | TN | AP & Telangana | Haryana

DOWNLOAD TEST PRIME


Test Prime
SUCCESS GALLERY!
MEET THE ACHIEVERS
Kunal, RRB JE
Shivam, UPSSSC AGTA
Priya, ANM
KHALILUR, LDA
Manoj , PWD
Atin, JENPAS
Shatarupa, OPSC
Arpita, JENPAS
Shital, SSC JE (Mech)
Nancy, UGC NET
Atul, SSC JE (ELCT)
Rahul, SSC JE (CIVIL)
Anand, SSC JE (ELCT)
Mohan, SSC JE (ELCT)
Saurabh, UGC NET
Ved, SSC JE (Mech)
THEY DID IT. YOU CAN TOO
READ THEIR STORIES !

Adda247

GET IT ON Google Play

*Directions: Q.No.95-98 refer to Table 1* ਹਦਾਇਤਾਂ: ਪ੍ਰ 95-98 ਟੇਬਲ 1

**Table 1: Revenue and Expenditure of a company (₹ crore) / ਟੇਬਲ 1: ਇੱਕ ਕੰਪਨੀ ਦਾ ਮਾਲੀਆ ਅਤੇ ਖਰਚਾ (₹ ਕਰੋੜ)**

| Year / ਸਾਲ | Revenue / ਮਾਲੀਆ | Expenditure / ਖਰਚਾ |
|---|---|---|
| 2021 | 320 | 250 |
| 2022 | 380 | 300 |
| 2023 | 450 | 340 |
| 2024 | 500 | 410 |
| 2025 | 560 | 420 |

95. (Refer Table 1) In which year was the profit (Revenue – Expenditure), expressed as a percentage of expenditure, the highest? (ਟੇਬਲ 1 ਵੇਖੋ) ਕਿਸ ਸਾਲ ਮੁਨਾਫ਼ਾ (ਮਾਲੀਆ – ਖਰਚਾ), ਖਰਚੇ ਦੇ ਪ੍ਰਤੀਸ਼ਤ ਵਜੋਂ ਦਰਸਾਇਆ ਗਿਆ, ਸਭ ਤੋਂ ਵੱਧ ਸੀ ?

a) 2021 b) 2023 c) 2024 d) 2025

96. (Refer Table 1) The average annual profit over the five years is: / (ਟੇਬਲ 1 ਵੇਖੋ) ਪੰਜ ਸਾਲਾਂ ਵਿੱਚ ਔਸਤ ਸਾਲਾਨਾ ਮੁਨਾਫ਼ਾ ਹੈ :

a) ₹90 crore / ₹90 ਕਰੋੜ b) ₹94 crore / ₹94 ਕਰੋੜ c) ₹98 crore / ₹98 ਕਰੋੜ d) ₹102 crore / ₹102 ਕਰੋੜ

97. (Refer Table 1) The percentage increase in expenditure from 2021 to 2025 is: / (ਟੇਬਲ 1 ਵੇਖੋ) 2021 ਤੋਂ 2025 ਤੱਕ ਖਰਚੇ ਵਿੱਚ ਪ੍ਰਤੀਸ਼ਤ ਵਾਧਾ ਹੈ :

a) 60% b) 64% c) 68% d) 75%

98. (Refer Table 1) In how many years was the profit above the five-year average profit ? / (ਟੇਬਲ 1 ਵੇਖੋ) ਕਿੰਨੇ ਸਾਲਾਂ ਵਿੱਚ ਮੁਨਾਫ਼ਾ ਪੰਜ ਸਾਲਾਂ ਦੇ ਔਸਤ ਮੁਨਾਫ਼ੇ ਤੋਂ ਵੱਧ ਸੀ ?

a) One / ਇੱਕ b) Two / ਦੋ c) Three / ਤਿੰਨ d) Four / ਚਾਰ

99. The smallest number which, when divided by 12, 18 and 21, leaves a remainder of 5 in each case is: / ਸਭ ਤੋਂ ਛੋਟੀ ਸੰਖਿਆ ਜਿਸਨੂੰ 12, 18 ਅਤੇ 21 ਨਾਲ ਵੰਡਣ 'ਤੇ ਹਰੇਕ ਵਾਰ ਬਾਕੀ 5 ਬਚਦਾ ਹੈ, ਉਹ ਹੈ :

a) 245 b) 252 c) 257 d) 261

100. If a : b = 3 : 4 and b : c = 6 : 5, then a : c is: / ਜੇ a : b = 3 : 4 ਅਤੇ b : c = 6 : 5, ਤਾਂ a : c ਹੈ:

a) 3 : 5 b) 9 : 10 c) 10 : 9 d) 27 : 40

❋❋❋❋

*(Space for rough work)*